ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੈ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-22 ਨੰਬਰ-26

25 ਤੋ 31 ਭਾਦਰੋਂ 2072 - 10 to 16 September 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਰੀਰ ਛੱਡ ਦਿੱਤਾ



ਧਰਮ ਐਸੀ ਚੀਜ਼ ਹੈ ਜਿਸਦੇ ਵਾਸਤੇ ਸਤਿਗੁਰਾਂ ਨੇ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੱਚੇ ਚੰਮ ਵਿੱਚ ਮੜ੍ਹਨਾ ਗਊ ਦੇ ਵਿੱਚ ਨਾ ਮੰਨਿਆ, ਸਰੀਰ ਛੱਡ ਦਿੱਤਾ। ਧਰਮ ਦੀ ਮਹੱਤਤਾ ਨੂੰ, ਧਰਮ ਨੂੰ ਉਹ ਜਾਣਦੇ ਸਨ, ਸਾਡੇ ਪੁਰਾਤਨ ਆਦਮੀ ਜਾਣਦੇ ਸਨ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੂੰ ਦੇਸ਼ ਦੀ ਅਣਖ ਅਤੇ ਗਊ-ਗਰੀਬ ਦੀ ਰੱਖਿਆ ਖਾਤਰ ਪਵਿੱਤਰ ਸ਼ਹਿਰ ਅਮ੍ਰਿਤਸਰ ਵਿਖੇ ਅਗਰੇਜ਼ ਹਕੂਮਤ ਵਲੋਂ ਖੋਲ੍ਹੇ ਬੁੱਚੜਖਾਨੇ ਦੇ ਬੁੱਚੜਾਂ ਨੂੰ ਸੋਧਣ ਤੋਂ ਬਾਅਦ ਫਾਂਸੀ ਦਾ ਹੁਕਮ ਸੁਣਾਇਆ ਗਿਆ। 15 ਸਤੰਬਰ 1871 ਈ. ਨੂੰ ਇਹਨਾਂ ਸਿੰਘਾਂ ਨੇ ਆਪ ਆਪਣੇ ਗਲਾਂ ਵਿੱਚ ਫਾਂਸੀ ਦੇ ਰੇਸ਼ਮੀ ਰੱਸੇ ਪਾ ਕੇ ਸ਼ਬਦ ਕੀਰਤਨ ਕਰ ਸ਼ਹਾਦਤਾ ਪ੍ਰਾਪਤ ਕੀਤੀਆ।

## ਦਿੱਲੀ ਵਿਖੇ ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਦਿਵਸ ਮਨਾਇਆ

**ਦਿੱਲੀ, 6 ਸਤੰਬਰ 2015**-ਦੁਆਪਰ ਯੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦਾ ਅਵਤਾਰ ਧਾਰਨ ਦਾ ਦਿਨ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਵਿਖੇ ਮਨਾਇਆ ਗਿਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਜਥੇਦਾਰ ਪ੍ਰੀਤਮ ਸਿੰਘ ਬਰਨਾਲਾ ਜੋ ਉਚੇਚੇ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੋਂ ਆਏ ਸੀ ਉਹਨਾਂ ਨੇ ਲਗਾਇਆ। ਉਚੀਆਂ ਸੁਰਾਂ ਵਿਚ-

**ਬ੍ਰਿੰਦਾਬਨ ਮਹਿ ਰੰਗ ਕੀਆ ਕਾਨਾ।**

ਸ਼ਬਦ ਗਾਏ। ਕਵੀ ਜੋਗਾ ਸਿੰਘ ਭੰਗੂਰ ਨੇ ਕ੍ਰਿਸ਼ਨ ਸੁਦਾਮੇ ਦਾ ਪ੍ਰਬੰਗ ਛੰਦਾ ਬੰਦੀ ਵਿਚ ਗਾਇਨ ਕੀਤਾ। ਉਸ ਤੋਂ ਬਾਅਦ ਦਿੱਲੀ ਦੇ ਜਥੇਦਾਰ ਮਨਜੀਤ ਸਿੰਘ ਰਾਗੀ ਨੇ

**ਮਥਰਾ ਮੰਡਲ ਕੇ ਬਿਖੈ ਜਨਮ ਧਰਯੋ ਹਰਿ ਰਾਇ।**

ਧਾਰਨਾ ਨਾਲ ਦਿਵਾਨ ਦੀ ਸ਼ੁਰੂਆਤ ਕੀਤੀ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਪ੍ਰਮਾਨ ਦੇ ਕੇ ਭਗਵਾਨ ਦੇ ਅਵਤਾਰ ਧਾਰਨ ਦੇ ਪ੍ਰਸੰਗ ਨੂੰ ਸੰਗਤਾਂ ਸਾਹਮਣੇ ਰੱਖਿਆ। ਅੱਜ ਦੇ ਪ੍ਰੋਗਰਾਮ ਵਿੱਚ ਜਥੇਦਾਰ ਬਲਦੇਵ ਸਿੰਘ ਰਾਣੀਬਾਗ (ਸਾਬਕਾ ਮੈਂਬਰ ਦਿ. ਸਿ. ਗੁ. ਪ੍ਰ. ਕਮੇਟੀ) ਤੇ ਸੰਤ ਗੁਰਮੀਤ ਸਿੰਘ ਚਾਨਾ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਦਾ ਨਾਮਧਾਰੀ ਸੰਗਤ ਦਿੱਲੀ ਵਲੋਂ ਪ੍ਰਧਾਨ ਸਾਧਾ ਸਿੰਘ ਨੇ ਸਿਰੋਪਾ ਪਾ ਕੇ ਸਨਮਾਨਿਤ ਕੀਤਾ। ਲੜਕੇ ਲੜਕੀ ਦਾ ਅਨੰਦ ਕਾਰਜ ਹੋਇਆ। ਪਾਠਾਂ ਦੇ ਭੋਗ ਪਾਏ ਗਏ। ਮੇਲੇ ਦੀ ਸਮਾਪਤੀ ਦੀ ਅਰਦਾਸ ਸੰਤ ਗੁਰਦੇਵ ਸਿੰਘ ਨੇ ਕੀਤੀ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਸੰਤ ਜਸਬੀਰ ਸਿੰਘ ਨੇ ਨਿਭਾਈ। ਅੱਜ ਦਾ ਮੇਲਾ ਸੰਤ ਪੂਰਨ ਸਿੰਘ ਵਲੋਂ ਕਰਵਾਇਆ ਗਿਆ।

## ਸਤਿਗੁਰੂ ਜੀ ਦਾ ਆਸਟ੍ਰੇਲੀਆ ਦੌਰਾ ਮੈਲਬਰਨ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਮਾਤਾ ਚੰਦ ਕੌਰ ਜੀ, ਬੀਬੀ ਗੁਰਸ਼ਰਨ ਕੌਰ ਜੀ ਅਤੇ ਸਿੱਖਾਂ ਸੇਵਕਾਂ ਸਹਿਤ, ਸਿਖੀ ਸਾਂਭ ਲਈ ਕੀਤੇ ਜਾ ਰਹੇ ਆਸਟ੍ਰੇਲੀਆ ਦੌਰੇ ਦਾ ਆਖਰੀ ਪੜਾਅ ਮੈਲਬਾਰਨ ਸ਼ਹਿਰ ਸੀ, ਜੋ ਕਿ ਆਸਟ੍ਰੇਲੀਆ ਸਟੇਟ ਆਫ ਵਿਕਟੋਰੀਆ ਦੀ ਰਾਜਧਾਨੀ ਹੋਣ ਦੇ ਨਾਲ ਆਸਟ੍ਰੇਲੀਆ ਦਾ ਦੂਜਾ ਵਡੀ ਆਬਾਦੀ ਵਾਲਾ ਅਤੇ ਵਿਸ਼ਵ ਪ੍ਰਸਿਧ ਸ਼ਹਿਰ ਹੈ। ਜਿਸਦੀ ਆਬਾਦੀ ਲਗਭਗ ੪੫ ਲਖ ਦੀ ਹੈ। ਉਚ ਸ਼ਿਕਸ਼ਾ, ਮਨੋਰੰਜਨ, ਹੈਲਥ ਕੇਅਰ, ਰਿਸਰਚ ਡਵੈਲਪਮੈਂਟ, ਪਰਯਟਨ, ਖੇਡਾਂ ਵਿਚ ਇਸ ਸ਼ਹਿਰ ਨੂੰ ਉਚ ਦਰਜਾ ਪ੍ਰਾਪਤ ਹੋਣ ਕਾਰਨ ਰਹਿਣ ਸਹਿਣ ਦੇ ਮਾਪ ਦੰਡ ਨਾਲ ਦੁਨੀਆਂ ਦਾ ਵਧੀਆ ਸ਼ਹਿਰ ਹੈ। ਸੁਭਾਵਕ ਹੈ ਕਿਰਤ ਕਰਮ ਕਰਕੇ ਪਰਦੇਸਾਂ ਤੋਂ ਆਏ ਲੋਕਾਂ ਨੂੰ ਕੰਮਕਾਰ ਜ਼ਿਆਦਾ ਪ੍ਰਾਪਤ ਹੁੰਦਾ ਹੋਵੇਗਾ ਜਿਸ ਕਾਰਨ, ਭਾਰਤ ਤੋਂ ਆਏ ਨਾਮਧਾਰੀ ਸਿੱਖਾ ਦੀ ਤਦਾਦ ਇਸ ਸ਼ਹਿਰ ਵਿਚ ਬਾਕੀ ਸ਼ਹਿਰਾਂ ਨਾਲੋਂ ਵਧ ਹੈ, ਸ਼ਾਇਦ ਪਹਿਲੇ ਨੰਬਰ ਤੇ ਹੈ।

13 ਜੁਲਾਈ ਦਿਨ ਨੂੰ ਸਿਡਨੀ ਸ਼ਹਿਰ ਤੋਂ ਉਡੀ ਉਡਾਨ ਤਕਰੀਬਨ ੧.੩੦ ਵਜੇ ਮੈਲਬਰਨ ਹਵਾਈ ਅਡੇ ਦੇ ਟਰਮੀਨਲ ੩ ਤੇ ਲੈਂਡ ਹੋਈ। ਸ੍ਰੀ ਹਜ਼ੂਰ ਦੇ ਇਸ ਧਰਤੀ ਤੇ ਪ੍ਰਥਮ ਦਰਸ਼ਨ ਅਤੇ ਸੁਆਗਤ ਲਈ ਸਥਾਨਕ ਵਸਨੀਕ ਨਾਮਧਾਰੀ ਸੰਗਤ ਦੇ ਨਾਲ ਕੁਝ ਨਾਮਧਾਰੀ ਸਿੰਘਾਂ ਨਾਲ ਮੇਲਜੋਲ ਰਖਣ ਵਾਲੇ ਸਰੀਰ ਵੀ ਆਣ ਨਤਮਸਤਕ ਹੋਏ, ਫੁਲਾਂ ਅਤੇ ਗੁਲਦਸਤਿਆਂ ਰਾਹੀ।

ਮਾਤਾ ਜੀ ਤੇ ਸਤਿਗੁਰੂ ਜੀ ਦੇ ਸੁਆਗਤ ਉਪਰੰਤ ਕਿਰਾਏ ਦੀਆਂ ਬੁਕ ਕੀਤੀਆਂ ੬ ਗੱਡੀਆਂ ਅਤੇ ਸਥਾਨਕ ਕਾਰਾਂ ਰਾਹੀ ਨਾਲ ਆਈ ਸਾਰੀ ਸੰਗਤ ਨੂੰ ਪ੍ਰਸ਼ਾਦ ਪਾਣੀ ਛਕਣ ਲਈ ਨਾਰੇਵਲ ਕਮਿਊਨਿਟੀ ਹਾਲ ਵਿਚ ਲੈ ਜਾਇਆ ਗਿਆ। ਇਹ ਹਾਲ ਇਥੋਂ ਦੇ ਪ੍ਰਬੰਧਕ ਨੌਜਵਾਨਾਂ ਵਲੋਂ ਸਤਿਗੁਰੂ ਜੀ ਦੇ ਦੌਰੇ ਦੌਰਾਨ ਹੋਣ ਵਾਲੇ ਵਾਰ ਅਤੇ ਕੀਰਤਨ ਪ੍ਰੋਗਰਾਮ ਲਈ ਵਿਸ਼ੇਸ਼ ਤੌਰ ਤੇ ਬੁਕ ਕੀਤਾ ਗਿਆ ਸੀ। **(ਬਾਕੀ ਸਫਾ 6 ਤੇ)**

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਨਾਮਧਾਰੀ ਰਹਿਤ ਮਰਯਾਦਾ ਤੇ ਹੁਕਮਨਾਮੇ

ਬਾਣੀਆਂ ਵਿੱਚ ਵੀ ਨਾਮਧਾਰੀ ਸਿੱਖਾਂ ਵਿਚ ਚੰਡੀ ਦੀ ਵਾਰ ਦਾ ਖਾਸ ਮਹੱਤਵ ਹੈ। ਇਹ ਬਾਣੀ ਮਨੁੱਖ ਨੂੰ ਭਾਰਤ ਦੀ ਅਮੀਰ ਅਧਿਆਤਮਕ ਪ੍ਰੰਪਰਾ ਨਾਲ ਸਿੱਧਾ ਜੋੜਦੀ ਹੈ। ਇਸ ਵਿਚ ਬੀਰ ਰਸ ਵੀ ਹੈ ਤੇ ਇਸ ਦਾ ਲੋਕ ਪ੍ਰਲੋਕ ਸਵਾਰਨ ਦਾ ਮਹਾਤਮ ਵੀ ਹੈ। ਡਾ. ਹਰਿਭਜਨ ਸਿੰਘ ਨੇ ਇਸ ਬਾਰੇ ਲਿਖਿਆ ਹੈ :

"ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਇਹ ਰਚਨਾ ਕਰਨ ਵੇਲੇ ਉਹ ਧਰਮ ਯੁੱਧ ਦੀ ਤਿਆਰੀ ਵਿਚ ਰੁੱਝੇ ਹੋਏ ਸਨ। ਸੋ ਇਸ ਰਚਨਾ ਨੂੰ ਬੀਰ ਰਸ ਉਪਜਾਉਣ ਵੇਲੇ ਦੀ ਕਿਰਤ ਮੰਨ ਲਿਆ ਜਾਏ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਇਸ ਰਚਨਾ ਦੀ ਇਕ ਵੱਡੀ ਖੂਬੀ ਇਹ ਹੈ ਕਿ ਇਹ ਸਾਨੂੰ ਭਾਰਤ ਦੀ ਸਮੁੱਚੀ ਅਧਿਆਤਮਕ ਪ੍ਰੰਪਰਾ ਨਾਲ ਜੋੜਦੀ ਹੈ।"

.......ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿਖਾਂ ਨੂੰ ਭਾਰਤ ਦੀ ਸੰਪੂਰਨ ਅਧਿਆਤਮਕ ਪ੍ਰੰਪਰਾ ਨਾਲ ਜੋੜਨ ਵਾਲੇ ਸਨ। ਸਿੱਖ ਪ੍ਰੰਪਰਾ ਦੇ ਪ੍ਰਤੀ ਉਹਨਾਂ ਦਾ ਵਿਸ਼ੇਸ਼ ਪਿਆਰ ਸੀ। ਉਹਨਾਂ ਦਾ ਆਦੇਸ਼ ਸੀ ਕਿ ਸਿੱਖ ਭਗਉਤੀਆਂ ਦਾ ਪਾਠ ਵਿਸ਼ੇਸ਼ ਤੌਰ ਤੇ ਕਰੇ।

ਸਤਿਗੁਰੂ ਜੀ ਦਾ ਹੁਕਮ ਹੈ :

**– ਫੇਰ ਜਿਸ ਵੇਲੇ ਸੂਰਜ ਦੀਆਂ ਰਿਸ਼ਮਾਂ ਨਿਕਲਨ ਲਗਨ ਤਾਂ ਓਸ ਵੇਲੇ ਚੰਡੀ ਦੀ ਵਾਰ ਦਾ ਪਾਠ ਕਰਨ ਲਗਨਾ। ਅਰਦਾਸ ਕਰਕੇ ਪਾਠ ਤੋਰਨਾ ਫੇਰ। ਪਾਠ ਕਰਕੇ ਫੇਰ ਬੇਨਤੀ ਕਰਨੀ ਹੇ ਭਗਵਤੀ ਮਾਤਾ ਹੇ ਜਗਦੰਬਾ ਆਦਿ ਅੰਤ ਦੈਤਾਂ ਦਾ ਨਾਸ ਕਰਨ ਵਾਲੀ, ਹੋਰ ਜੈਸੀ ਬਣਿ ਆਵੈ ਬੇਨਤੀ ਕਰਨੀ ਹਥ ਜੋੜ ਕੇ 'ਹੇ ਹਮਾਰੀ ਮਾਤਾ ਗਊ ਬਧ ਕਰਨ ਵਾਲਿਆਂ ਦਾ ਤੇ ਭਛਨ ਕਰਨ ਵਾਲਿਆਂ ਦਾ ਸਭਨਾ ਦਾ ਨਾਸ ਕਰ। ਇਹ ਪਾਠ ਸਭੇ ਸਿੰਘ ਕਰਨ। – ਹੁਕਮਨਾਮਾ 17**

**–ਹੋਰੁ ਬਾਤ ਕਰਨੀ ਜੋ ਸੂਰਜ ਚੜੇ ਤੇ ਅਗੇ ਪਲ, ਸਾਇਤ ਪਹਿਲਾ, ਚੰਡੀ ਦੀ ਵਾਰ ਦਾ ਪਾਠ ਕਰਨਾ ਹਮੇਸਾ। ਹੋਰ ਪਾਠ ਭਾਵੇ ਅਗੇ ਪਿਛੇ ਹੋਵੈ ਤਾ ਪਰਵਾਹਿ ਨਹੀ, ਪਰ ਚੰਡੀ ਕਾ ਪਾਠ ਜਰੂਰ ਕਰਨਾ ਸਵੇਰੇ। ਉਚੀ ਨਹੀ ਕਰਨਾ। ਬਹੁਤ ਭਲਾ ਹੋਵੈਗਾ। –ਹੁਕਮਨਾਮਾ 53**

**–ਅਰੁ ਸਾਰੀ ਸੰਗਤਿ ਨੂ ਏਹੁ ਹੁਕਮ ਹੈ ਜਨਾਨੇ ਮਰਦਾਨੇ ਨੂ, ਵਡੇ ਨਿਕੇ ਨੂ ਸਭ ਨੇ ਚੰਡੀ ਦੀ ਵਾਰ ਦਾ ਪਾਠ ਜਰੂਰ ਕਰਨਾ ਹਮੇਸਾ। ਸੂਰਜ ਦੇ ਚੜਨ ਤੇ ਘੜੀ ਅਧੀ ਘੜੀ ਪਹਿਲਾ ਪਾਠ ਤੋਰਨਾ, ਬਹੁਤ ਮਹਾਤਮੁ ਲਿਖਾ ਹੈ।**

ਜੇ ਉਗ੍ਰਦੰਤੀ, ਚੰਡੀ ਚਰਿਤ੍ਰ ਤਿੰਨਾ ਦਾ ਹੋਵੇ ਤਾ ਬਹੁਤ ਅਛਾ ਹੈ। ਨਹੀ ਤਾ ਚੰਡੀ ਦੀ ਵਾਰ ਦਾ ਪਾਠ ਜਰੂਰ ਕਰਨਾ ਲਿਖਾ ਹੈ ਗੁਰੂ ਜੀ ਨੇ। ਭੋਗ ਤੇ ਫੇਰਿ ਨਾ ਜੂਨੀ ਆਇਆ ਜਿਨਿ ਏਹੁ ਗਾਇਆ, ਕਰਨ ਲਗੇ ਪਾਠ ਅਰ ਪਾਠ ਕਰਕੇ ਏਹੁ ਬੇਨਤੀ ਕਰਨੀ ਜੋ ਹੇ ਮਾਤਾ ਮੇਰੇ ਸਰੀਰ ਵਿਚ ਜੋ ਮਨਮੁਖੀ ਸੁਭਾਇ ਹੈਨ, ਅਰ ਜੋ ਬਾਹਰਿ ਤਾਮਸੀ ਸੁਭਾਮਾ ਬਾਲੇ ਦੁਖ ਦੇਣ ਬਾਲੇ ਹੈ, ਹੇ ਸਕਤਿ ਮਾਤਾ ਏਨਾ ਸਭਨਾ ਦਾ ਨਾਸੁ ਕਰੀ ਹੇ ਸਕਤਿ ਮਾਤਾ। ਹੋਰ ਬੇਨਤੀ ਕਰਨੀ ਜੈਸੀ ਓਸ ਬੇਲੇ ਫੁਰੇ ਮਾਤਾ ਭਗਵਤੀ ਕੀ। ਹੁਕਮਨਾਮਾ 20

ਚੰਡੀ ਦੀ ਵਾਰ ਦੀ ਵਿਲੱਖਲਤਾ ਬਾਰੇ ਡਾ. ਹਰਿਭਜਨ ਸਿੰਘ ਦਾ ਲਿਖਣਾ ਹੈ :

"ਚੰਡੀ ਦੀ ਵਾਰ ਨਿਰੋਲ ਬੀਰ ਰਸੀ ਰਚਨਾ ਨਹੀਂ। ਇਹ ਤਾਂ ਗੁਰਬਾਣੀ ਦੇ ਮੂਲ ਉਦੇਸ਼ ਜਨਮ ਮਰਨ ਤੇ ਮੁਕਤੀ ਨਾਲ ਸੰਬੰਧਿਤ ਹੈ। ਵਾਰ ਦੇ ਅੰਤ ਉਤੇ ਗੁਰੂ ਸਾਹਿਬ ਫੁਰਮਾਉਂਦੇ ਹਨ :

*ਦੁਰਗਾ ਪਾਠ ਬਣਾਇਆ*
*ਸਭੇ ਪਉੜੀਆ।।*
*ਫੇਰਿ ਨਾ ਜੂਨੀ ਆਇਆ*
*ਜਿਨਿ ਇਹੁ ਗਾਇਆ।।*

ਬੀਰ ਰਸ ਤੇ ਸ਼ਾਂਤ ਰਸ ਦਾ ਸੁਮੇਲ ਹੈ ਚੰਡੀ ਦੀ ਵਾਰ। ਐਸਾ ਸੁਮੇਲ ਹੋਰ ਥੇ ਮਿਲਣਾ ਮੁਸ਼ਕਲ ਹੈ।"

ਨਾਮਧਾਰੀ ਸਿੱਖਾਂ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠ, ਅਖੰਡ ਪਾਠ ਦੀ ਮਰਯਾਦਾ ਹੈ। ਇਸ ਬਾਰੇ ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਲਿਖਿਆ ਹੈ। ਪਾਠ ਕਰਨ ਵਾਲਿਆਂ ਨੂੰ ਵਡਿਆਇਆ ਵੀ ਹੈ।

**–ਹੋਰ ਭਾਈ ਸੰਗਤਾ ਨੇ ਤਾ ਬਡੀ ਮਿਹਰਬਾਨੀ ਕੀਤੀ ਮੇਰੇ ਉਤੇ ਜੋ ਐਤਨੇ ਭੋਗ ਪਾਠ ਕੀਤੇ ਮੇਰੇ ਨਮਿਤ। –ਹੁਕਮਨਾਮਾ 5**

**– ਅਰ ਗ੍ਰੰਥ ਸਾਹਿਬ ਦਾ ਭੋਗ ਪਾਉਣਾ ਜਥਾ ਸ਼ਕਤਿ ਪ੍ਰਸਾਦਿ ਕਰਨਾ। ਹੁਕਮਨਾਮਾ 10**

**–ਅਰ ਆਪੋ ਆਪਣੇ ਘਰ ਮੈ ਭੋਗ ਭੀ ਗ੍ਰੰਥ ਸਾਹਿਬ ਦੇ ਪਾਉਣੇ। – ਹੁਕਮਨਾਮਾ 14**

**–ਜਿਤਨੇ ਬਣਿ ਆਉਣ ਉਤਨੇ ਭੋਗ ਬੀ ਗ੍ਰੰਥ ਸਾਹਿਬ ਦੇ ਪਾਉਣੇ। – ਹੁਕਮਨਾਮਾ 47**

ਉਹ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਉਚੇਚਾ ਹੁਕਮ ਕਰਦੇ ਹਨ ਕਿ ਮਾਤਾ ਸਦਾ ਕੌਰ ਨਮਿਤ ਪਾਠ ਕਰਕੇ ਵੀ ਭੋਗ ਪਾਉਣੇ। ਨਾਲ ਹੀ ਪੁੰਨ ਦਾਨ ਕਰਨਾ :

**–ਹੋਰ ਤਾ ਭੋਗ ਬਹੁਤ ਪਾਏ ਹਨ ਪਰ ਕੋਈ ਭੋਗ ਬੇਬੇ (ਮਾਤਾ ਸਦਾ ਕੌਰ) ਦੇ ਨਮਿਤ ਨਹੀ ਪਾਇਆ, ਸੋ ਤੈ ਏਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ, ਕੁਛ ਕਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਰੀ ਥੀ ਵਿਚੇ ਹੀ ਇਹੁ ਭਾਣਾ ਵਰਤ ਗਿਆ। – ਹੁਕਮਨਾਮਾ 11**

ਨਾਮਧਾਰੀ ਰਹਿਤ ਮਰਯਾਦਾ ਵਿਚ ਹਵਨ ਯੱਗ ਦਾ ਖਾਸ ਮਹੱਤਵ ਹੈ। ਹਵਨ ਕਰਨ ਲਈ ਸੁੱਚ ਸੋਧ ਦਾ ਇਸ਼ਨਾਨ ਕਰਕੇ ਸੱਤ ਸਿੰਘ ਕਮਰਕੱਸੇ ਲਾ ਕੇ ਬੈਠਦੇ ਹਨ। ਉਹ ਅਗਨੀ ਪ੍ਰਜਵਲਤ ਕਰਕੇ ਉਸ ਉਤੇ ਇਕੈ ਰਾਹੀਂ ਹਵਨ ਸਮਗਰੀ ਪੁਆਈ ਜਾਂਦੇ ਹਨ, ਜਲ ਦਾ ਛਿੱਟਾ ਵੀ ਇੱਕ ਸਿੰਘ ਦੇਂਦਾ ਹੈ। ਰਹਿਤਨਾਮੇ ਵਿਚ ਲਿਖਿਆ ਹੈ :

**ਜੇਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਡੇ ਕੋਰੇ ਲਿਆਉਣੇ। ਚੌਕੇ ਵਿਚ ਚਰਨ ਧੋਇ ਕੇ ਬੜਨਾ ਅਰ ਹੋਮ ਬੀ ਕਰਨਾ। ਪਹਲੇ ਚੌਕਾ ਦੇਣਾ ਹੋਮ ਦੀ ਜਗਾ ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾ ਬੇਰੀ ਦੀ ਪਾਉਣੀ। ਫੂਕ ਨਹੀ ਮਾਰਨੀ ਹੋਮ ਵਿਚ। ਹੋਮ ਦੀ ਅੱਗ ਨੂੰ ਪਖੀ ਨਾਲ ਝਲਣਾ। ਪੰਜ ਆਦਮੀ ਹੋਮ ਵਿਚ ਪੋਥੀਆ ਉਤੋ ਬਾਣੀ ਪੜਨੀ। ਚਉਪਈ ਜਪੁ ਜਾਪੁ ਚੰਡੀ ਚਰਿਤ੍ਰ (ਦੂਜਾ) ਅਕਾਲ ਉਸਤਤ (ਚੰਡੀ ਦੀ ਵਾਰ) ਅਤੇ ਉਗ੍ਰਦੰਤੀ ਵੀ ਹੁਣ ਪੜੀ ਜਾਂਦੀ ਹੈ। ਇਹ ਹੁਕਮ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਦਿੱਤਾ ਸੀ। ਛੇਵਾਂ ਆਦਮੀ ਆਹੁਤੀਆ ਪਾਵੇ। ਸਤਵਾਂ ਮਗਰੋ ਜਲ ਦਾ ਛਿਟਾ ਦੇਵੇ ਥੋੜਾ ਥੋੜਾ। –ਰਹਿਤਨਾਮਾ 1**

ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ ਰਹਿਤਨਾਮੇ ਵਿਚ ਸਿੱਖੀ ਰਹਿਤ ਮਰਯਾਦਾ ਦਾ ਹਿੱਸਾ ਨਿਮਰਤਾ, ਹੱਕ ਹਲਾਲ ਦੀ ਕਮਾਈ, ਖਿਮਾ ਦੀ ਭਾਵਨਾ, ਧਰਮ ਦੀ ਦ੍ਰਿੜ੍ਹਤਾ, ਇਸਤਰੀ ਪ੍ਰਤੀ ਸੁਹਿਰਦਤਾ ਦੀ ਭਾਵਨਾ ਆਦਿ ਨੂੰ ਵੀ ਬਣਾਇਆ ਗਿਆ ਹੈ। ਇਹ ਸਭ ਉਚੇ ਸੁੱਚੇ ਸਦਾਚਾਰ ਦੇ ਮਾਲਕ ਦੇ ਗੁਣ ਹਨ। ਇਹੀ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਨੂੰ ਇਕ ਖਾਸ ਰਹਿਤ ਮਰਯਾਦਾ ਦੇ ਧਾਰਨੀ ਬਣਾਇਆ। ਇਸ ਦਾ ਚੰਗੇਰਾ ਪ੍ਰਭਾਵ ਹੋਰ ਲੋਕਾਂ ਤੇ ਪਿਆ। ਉਹ ਜਾਂ ਸਤਿਗੁਰੂ ਜੀ ਦੇ ਅਨੁਯਾਈ ਬਣ ਗਏ ਜਾਂ ਪ੍ਰਸੰਨ। ਇਹ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਸੀ। **–ਤਾਰਾ ਸਿੰਘ ਅਨਜਾਣ**

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

## ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ ਗੁਰੂ ਦੁਆਰੀ ਭੇਜਣੀ

ਮੁੰਡੇ ਕੁੜੀਆਂ ਦੇ ਕਰਨ ਨਿਕਾਹ ਕੂਕੇ ਬਾਮਣ ਦਿੱਤੇ ਗਰੀਬ ਦਰਕਾਰ ਸਾਰੇ।
ਰੀਂਗਾ ਗਿਆ ਤੇ ਵਿਚ ਨਾ ਹਡ ਪਉਂਦੇ ਹਿੰਦੂ ਤੁਰਕ ਤੇ ਰਹਿਣ ਕਨਾਰ ਸਾਰੇ।
ਥਡੇ ਸਾਡੇ ਨਾ ਹਥ ਦਾ ਪੀਣ ਪਾਣੀ ਨੀਲ ਪੈਨਦੇ ਨਾ ਅੰਗ ਧਾਰ ਸਾਰੇ।
ਰਾਮ ਸਿੰਘ ਜੀ ਨੂੰ ਗੁਰੂ ਜਾਣ ਦੇਨੇ ਖੇਡਣ ਔਰਤਾਂ ਕੇਸ ਖਲਾਰ ਸਾਰੇ।
ਕੰਨ ਵਿਚ ਕਲਾਂਮ ਨੇ ਦਸ ਦਿੰਦੇ ਜਦੋਂ ਭੁੜਕਦੇ ਨੇ ਛਾਲਾਂ ਮਾਰ ਸਾਰੇ।
ਸਿਰਾਂ ਵਿਚ ਪਾਣੀ ਪਾਕੇ ਨੌਣ ਤੜਕੇ ਸਣੇ ਔਰਤਾਂ ਕਰਨ ਏ ਕਾਰ ਸਾਰੇ।

(ਚਲਦਾ)

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਨਾਮ ਸਿਮਰਨ ਦਾ ਪ੍ਰਯੋਗ

**ਮੰਡੀ (ਹਿ. ਪ੍ਰ.)**–ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਸ਼ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਮੰਡੀ ਨਗਰ ਤੇ ਨਾਲ ਲਗਦੀ ਸਾਧ ਸੰਗਤ ਹਰ ਸਾਲ ਦੀ ਤਰ੍ਹਾਂ ਨਾਮ ਸਿਮਰਨ ਦਾ ਪ੍ਰਯੋਗ ਕਰਦੀ ਚਲੀ ਆ ਰਹੀ ਹੈ। ਇਸ ਸਾਲ ਵੀ ਪੰਜ ਭਾਦਰੋਂ ਤੋਂ ਲੈ ਕੇ 25 ਭਾਦਰੋਂ ਤੱਕ ਨਾਮ ਸਿਮਰਨ ਦੇ ਪ੍ਰਯੋਗ ਦਾ ਪ੍ਰਬੰਧਕਾਂ ਨੇ ਪ੍ਰੋਗਰਾਮ ਉਲੀਕ ਕੇ ਸਾਧ ਸੰਗਤ ਵਿਚ ਸੁਣਾਇਆ। ਪੰਜ ਭਾਦਰੋਂ ਤੋਂ ਸਾਰੀ ਸੰਗਤ ਨੇ ਸਵੇਰੇ 5.30 ਤੋਂ 6.30 ਤਕ ਨਾਮ ਸਿਮਰਨ ਤੇ ਆਸਾ ਦੀ ਵਾਰ ਦੇ ਕੀਰਤਨ ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਰੋਜ਼ਾਨਾ ਹੀ ਭਾਰੀ ਗਿਣਤੀ ਵਿਚ ਸਾਧ ਸੰਗਤ ਵਿਦਿਅਕ ਜਥੇ ਦੇ ਮੈਂਬਰ ਤੇ ਛੋਟੇ ਛੋਟੇ ਬੱਚੇ ਵੀ ਨਾਮ ਸਿਮਰਨ ਵਿੱਚ ਹਿੱਸਾ ਲੈਂਦੇ ਹਨ ਤੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਰੋਜ਼ਾਨਾ ਹੀ ਇਨਾਮ ਦਿਤੇ ਜਾਂਦੇ ਹਨ। ਕਾਫੀ ਬੱਚੇ ਤੇ ਸਾਧ ਸੰਗਤ ਪ੍ਰਯੋਗ ਦੀ ਅਰਦਾਸ ਹੋਣ ਤੋਂ ਪਹਿਲਾਂ ਹੀ ਪਹੁੰਚ ਜਾਂਦੇ ਹਨ, ਪੂਰਾ ਇਕ ਘੰਟਾ ਨਾਮ ਸਿਮਰਨ ਕਰਦੇ ਹਨ। ਆਸਾ ਦੀ ਵਾਰ ਦਾ ਕੀਰਤਨ ਵੀ ਨਾਲ ਹੀ ਹੁੰਦਾ ਹੈ। ਮਾਈ ਤੇ ਭਾਈ ਰਲ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ।

5 ਸਤੰਬਰ ਨੂੰ ਜਨਮ ਅਸ਼ਟਮੀ ਸ੍ਰੀ ਕ੍ਰਿਸ਼ਨ ਭਗਵਾਨ ਦੇ ਅਵਤਾਰ ਧਾਰਨ ਦਾ ਦਿਨ ਸੀ। ਉਸ ਦਿਨ ਸਨਾਤਮ ਧਰਮ ਸਭਾ ਵਾਲੇ ਪ੍ਰਭਾਤ ਫੇਰੀ ਲੈ ਕੇ ਸਾਧ ਸੰਗਤ ਵਿਚ ਆਏ। ਪ੍ਰਬੰਧਕਾਂ ਨੇ ਉਹਨਾਂ ਦਾ ਸੁਆਗਤ ਕੀਤਾ। ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਜਥੇਦਾਰ ਸਾਧਾ ਸਿੰਘ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਅਵਤਾਰ ਧਾਰਨ ਤੇ ਸ਼ਬਦ ਪੜ੍ਹਿਆ।

*ਅਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਕਹਾਏ।*
*ਮਧੁਰਾ ਮੰਡਲ ਕੇ ਵਿਖੈ ਜਨਮ ਧਰਯੋ ਹਰਿ ਰਾਏ।*

ਉਪਰੰਤ ਸਨਾਤਮ ਧਰਮ ਸਭਾ ਦੀ ਕੀਰਤਨੀ ਮੰਡਲੀ ਨੇ ਵੀ ਇਕ ਸ਼ਬਦ ਗਾਇਨ ਕੀਤਾ ਤੇ ਨਾਲ ਹੀ ਜਨਮ ਅਸ਼ਟਮੀ ਦਾ ਪ੍ਰੋਗਰਾਮ ਸੁਣਾ ਕੇ ਸਾਧ ਸੰਗਤ ਨੂੰ ਸਾਰੇ ਹੀ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦੀ ਬੇਨਤੀ ਵੀ ਕੀਤੀ। ਸੰਤ ਸਤਿੰਦਪਾਲ ਸਿੰਘ ਨੇ ਆਈ ਸਾਧ ਸੰਗਤ ਨੂੰ ਜੀ ਆਇਆਂ ਆਖਿਆ ਤੇ ਨਾਲ ਹੀ ਦੱਸਿਆ ਕਿ ਕਾਫੀ ਸਹਿਜਧਾਰੀ ਬੱਚੇ ਵੀ ਇਸ ਨਾਮ ਸਿਮਰਨ ਦੇ ਪ੍ਰਯੋਗ ਵਿਚ ਹਿੱਸਾ ਲੈਂਦੇ ਰਹੇ ਹਨ ਤੇ ਜੋ ਜਿਸਨੂੰ ਵੀ ਮੰਨਦਾ ਹੈ ਉਸ ਦਾ ਹੀ ਇਕ ਘੰਟਾ ਨਾਮ ਸਿਮਰਨ ਕਰਦਾ ਹੈ। ਸਾਧ ਸੰਗਤ ਦਾ ਇਕੱਠ ਦੇਖ ਕੇ ਸਨਾਤਮ ਧਰਮ ਸਭਾ ਵਾਲੇ ਬਹੁਤ ਪ੍ਰਭਾਵਿਤ ਹੋਏ ਤੇ ਉਹਨਾਂ ਨੇ ਸਾਧ ਸੰਗਤ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਅਸੀਂ ਸਾਰੇ ਹੀ ਪ੍ਰੋਗਰਾਮ ਰਲਮਿਲ ਕੇ ਕਰਿਆ ਕਰੀਏ। ਉਪਰੰਤ ਉਹਨਾਂ ਨੂੰ ਪ੍ਰਸ਼ਾਦ ਦੇ ਕੇ ਵਿਦਾ ਕੀਤਾ ਤੇ ਸਾਡਾ ਪ੍ਰੋਗਰਾਮ ਉਸੇ ਤਰ੍ਹਾਂ ਹੀ ਚਲਦਾ ਰਿਹਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਬਖਸ਼ਸ਼ ਦੇ ਨਾਲ ਇਹ ਪ੍ਰੋਗਰਾਮ 25 ਭਾਦਰੋਂ ਤੱਕ ਚਲਦਾ ਰਿਹਾ। ਉਪਰੰਤ ਸਾਧ ਸੰਗਤ ਨੇ ਸ੍ਰੀ ਭੈਣੀ ਸਾਹਿਬ ਵੀ ਜਪ ਪ੍ਰਯੋਗ ਵਿਚ ਹਿੱਸਾ ਲੈਣਾ ਹੁੰਦਾ ਹੈ। ਜਿਹੜੀ ਸਾਧ ਸੰਗਤ ਇਥੇ ਹੁੰਦੀ ਹੈ ਉਹ ਵੀ ਸ੍ਰੀ ਭੈਣੀ ਸਾਹਿਬ ਦੇ ਪ੍ਰਯੋਗ ਵਿਚ ਇਥੇ ਵੀ ਜਪ ਪ੍ਰਯੋਗ ਕਰਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਦੀ ਹੈ ਕਿ ਸਾਧ ਸੰਗਤ ਵਿਚ ਪ੍ਰੇਮ ਤੇ ਉਦਮ ਬਣਾਈ ਰੱਖਣ ਤੇ ਸਾਧ ਸੰਗਤ ਆਪ ਜੀ ਦੇ ਹੁਕਮ ਤੇ ਚਲਕੇ ਆਪਣਾ ਜਨਮ ਸਫਲਾ ਕਰਦੀ ਰਹੇ। **–ਸਤਵੰਤ ਸਿੰਘ ਮੰਡੀ (ਹਿ. ਪ੍ਰ.)**

# ਯੂ. ਕੇ. ਦੀ ਬਣੀ ਨਵੀਂ ਕਮੇਟੀ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਸਦਕਾ ਨਾਮਧਾਰੀ ਸੰਗਤ ਯੂ. ਕੇ. ਦੀ ਸਥਾਪਤ ਕੀਤੀ ਗਈ ਨਵੀਂ ਕਮੇਟੀ ਦਾ ਵੇਰਵਾ

| | | |
|---|---|---|
| **ਪ੍ਰਧਾਨ** | : | ਸੁਲੱਖਣ ਸਿੰਘ ਜੰਡੂ |
| **ਮੀਤ ਪ੍ਰਧਾਨ** | : | ਗੁਰਸ਼ਰਨ ਸਿੰਘ ਸੁਰਧਰ |
| **ਮੀਤ ਪ੍ਰਧਾਨ** | : | ਹਰਮਿੰਦਰ ਸਿੰਘ ਚਾਨਾ |
| **ਜਨਰਲ ਸਕੱਤਰ** | : | ਦਲਜੀਤ ਕੌਰ ਰਿਆਤ |
| **ਸਹਾਇਕ ਸਕੱਤਰ** | : | ਅਜੀਤ ਸਿੰਘ ਅਨਜਾਣ |
| **ਖਜਾਨਚੀ** | : | ਰਤਨ ਸਿੰਘ ਸਿਹਰਾ |
| **ਮੀਡੀਆ ਸਕੱਤਰ** | : | ਜਿਤੇਜ ਸਿੰਘ |
| **ਸਹਾਇਕ ਮੀਡੀਆ ਸਕੱਤਰ** | : | ਚਰਨਜੀਵ ਸਿੰਘ ਚਾਨਾ |
| **ਮੈਂਬਰ (ਲੀਡਜ਼)** | : | ਇੰਦਰਜੀਤ ਸਿੰਘ |
| **ਮੈਂਬਰ (ਲੈਸਟਰ)** | : | ਗੁਰਦਿਆਲ ਸਿੰਘ ਫਲੋਰਾ |
| **ਮੈਂਬਰ (ਸਾਊਥਾਲ)** | : | ਗੁਰਮੁਖ ਸਿੰਘ ਰੂਪਰਾ |
| **ਮੈਂਬਰ (ਬਰਮਿੰਘਮ)** | : | ਕੁਲਦੀਪ ਸਿੰਘ ਉਭੀ |
| **ਮੈਂਬਰ** | : | ਹਰਵਿੰਦਰ ਸਿੰਘ ਸਿਆਨ |

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸੰਤੋਖ, ਦਇਆ, ਧਰਮ ਸਾਡੇ ਅੰਦਰ ਆਵੇ



*ਇਹ ਨੌਜਵਾਨਾਂ ਦਾ ਇਕੱਠ, ਭਾਵੇਂ ਮੇਰੇ ਨਾਮ ਲੱਗ ਗਿਐ, ਪਰ ਇਹ ਕਿਰਪਾ ਸਤਿਗੁਰੂ ਪਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਕੀਤੀ ਹੈ। ਸਤਿਗੁਰਾਂ ਦੇ ਉਪਦੇਸ਼ ਵਿਚ ਹੈ ਕਿ ਬੁੱਢੇ ਕੁਝ ਨਹੀਂ ਕਰ ਸਕਦੇ, ਬੱਚੇ ਕੁਝ ਨਹੀਂ ਕਰ ਸਕਦੇ ਤੇ ਨੌਜਵਾਨ ਸਾਰਾ ਕੁਝ ਕਰ ਸਕਦੇ ਨੇ, ਇਹ ਕਿਸੇ ਵੀ ਕੰਮ ਨੂੰ ਲੈ ਤੁਰਨ, ਉਹ ਕੰਮ ਸਿਰੇ ਚੜ੍ਹ ਸਕਦੈ। ਤੁਸੀਂ ਬਹੁਤ ਉੱਦਮ ਕੀਤੈ। ਐਤਕਾਂ ਜਿਹੜੇ ਪ੍ਰਬੰਧਕ ਨੇ ਉਹਨਾਂ ਬਹੁਤ ਮਿਹਨਤ ਕੀਤੀ ਹੈ। ਇਸ ਗੱਲੋਂ ਉਹ ਸ਼ਾਬਾਸ਼ ਦੇ ਹੱਕਦਾਰ ਨੇ। ਉਹਨਾਂ ਅਗੇ ਨਾਲੋਂ ਗਿਣਤੀ ਕਿੰਨੀ ਵਧਾ ਦਿਤੀ ਹੈ। ਸਾਰੇ ਠੀਕ ਜਥੇਬੰਦਕ ਤਰੀਕੇ ਨਾਲ ਰਹੇ ਨੇ। ਬਾਹਰ-ਅੰਦਰ ਉਹਨਾਂ ਨੇ ਨਹੀਂ ਜਾਣ ਦਿੱਤਾ। ਜਿਹੜੇ ਬੱਚੇ ਨਹੀਂ ਗਏ ਜਿਹਨਾਂ ਦਾ ਬੜਾ ਜੀਅ ਕਰਦਾ ਸੀ, ਅਸੀਂ ਕਟਾਣੀ ਜਾਈਏ, ਫਲਾਣੇ ਥਾਂ ਜਾਈਏ, ਉਹ ਵੀ, ਆਪਣੇ ਮਨ ਨੂੰ ਬੰਨ੍ਹ ਕੇ ਏਥੇ ਰਹੇ ਨੇ, ਉਹਨਾਂ ਦੇ ਵੀ ਸ਼ਾਬਾਸ਼। ਏਥੇ ਆਉਣਾ ਹੀ ਇਸ ਵਾਸਤੇ ਐ ਕਿ ਆਪਣੇ ਮਨ ਨੂੰ ਕਾਬੂ ਵਿਚ ਰਖੀਏ, ਤੇ ਲਾਲਚ ਵਾਲੇ ਪਾਸੇ ਧਿਆਨ ਨਹੀਂ ਦੇਣਾ।*

*ਤੁਲਸੀ ਦਾਸ ਜੀ ਦਾ ਦੋਹਰਾ ਹੈ:-*

*ਗੋ ਧਨ ਗਜ ਧਨ, ਬਾਣ ਧਨ ਔਰ ਰਤਨ ਧਨ ਖਾਨ।*<br>
*ਜਹ ਆਵੈ ਸੰਤੋਖ ਧਨ, ਸਭ ਧਨ ਧੂਰ ਸਮਾਨ।*

*ਜਦੋਂ ਸੰਤੋਖ ਆ ਜਾਵੇ, ਸਾਰੇ ਧਨ ਬੜੇ ਛੋਟੇ ਰਹਿ ਜਾਂਦੇ ਨੇ, ਸਵਾਹ ਹੋ ਜਾਂਦੇ ਨੇ।*

***ਮੋਹ ਮਾਇਆ ਕੈ ਸੰਗਿ ਨ ਲੇਪੁ।।***

*ਸੋ ਤੁਸੀਂ ਜਿਥੇ ਏਨਾ ਕੁਝ ਕੀਤੈ, ਜਿੰਨੇ ਵੀ ਏਥੇ ਆਏ ਹੋ, ਨਿਯਮ ਕਰਕੇ ਜਾਓ ਕਿ ਪੰਜਾਂ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰੋਗੇ। ਜਿਹੜੇ ਕਰਨ ਉਹ ਆਪਣੇ ਆਪਣੇ ਪ੍ਰਬੰਧਕਾਂ ਦੇ ਰਾਹੀਂ ਮੈਨੂੰ ਦੱਸਣ ਕਿ ਐਨੇ ਮੁੰਡੇ ਕਰਨ ਲੱਗੇ ਨੇ ਤੇ ਅੱਗੇ ਨਾਲੋਂ ਕੀ ਵਾਧਾ ਹੋਇਐ।*

*ਨਿਯਮਤ ਰੂਪ ਵਿਚ ਇਕ ਘੰਟਾ ਨਾਮ ਸਿਮਰਨ ਜ਼ਰੂਰ ਹੋਵੇ। ਸਣੇਕੇਸੀ ਇਸ਼ਨਾਨ ਸੂਰਜੋਂ ਪਹਿਲੋਂ ਜ਼ਰੂਰ ਹੋਵੇ। ਸੂਰਜ ਚੜ੍ਹਦੇ ਤੇ ਛਿਪਦੇ ਨਾਲ ਕੋਈ ਸੁੱਤਾ ਨਾ ਹੋਵੇ। ਜਦੋਂ ਪਿਸ਼ਾਬ ਕਰਨੈ ਓਦੋਂ ਜਲ ਵਰਤੋ, ਸ਼ੀਸ਼ੀਆਂ ਰ÷ਖੋ ਕੋਲ। ਪਵਿੱਤਰਤਾ ਕਾਇਮ ਕਰਨ ਵਾਸਤੇ ਥੋੜ੍ਹਾ ਥੋੜ੍ਹਾ ਏਧਰ ਨੂੰ ਤੁਰੋ ਤਕੜੇ ਹੋ ਕੇ। ਜਿਹੜਾ ਆਖੇ ਲੱਗੇ ਉਸਨੂੰ ਏਸ ਰਾਹੇ ਲਾਓ। ਤੁਹਾਡੇ ਦੋਸਤ ਯਾਰ ਜਿਹੜੇ ਦਾੜ੍ਹੀਆਂ ਮੁੰਨਦੇ ਨੇ ਜਾਂ ਮਾਸ ਸ਼ਰਾਬ ਖਾਂਦੇ ਪੀਂਦੇ ਨੇ ਉਹਨਾਂ ਨੂੰ ਹਟਾ ਕੇ ਭਜਨ ਪੁਛਾ ਕੇ ਅੰਮ੍ਰਿਤ ਛਕਾ ਕੇ, ਸਤਿਗੁਰੂ ਰਾਮ ਸਿੰਘ ਜੀ ਦਾ ਬਾਣਾ ਪਾਉਣ ਵੱਲ ਲਾਓ। ਤੁਸੀਂ ਦ÷ਸੋ ਆ ਕੇ ਪ੍ਰਬੰਧਕਾਂ ਨੂੰ ਕਿ ਤੁਸਾਂ ਕਿੰਨਿਆਂ ਨੂੰ ਅੰਮ੍ਰਿਤ ਛਕਾਇਆ ਏ ? ਤੁਸਾਂ ਜਦੋਂ ਇਕ ਘੰਟਾ ਨਾਮ ਸਿਮਰਨ ਕਰਨੈ, ਆਪਣੇ ਮਨ ਵਿਚੋਂ ਹਰ ਕਿਸੇ ਬਾਰੇ ਦੁਸ਼ਮਨੀ ਸਾਰੀ ਬਾਹਰ ਕੱਢ ਕੇ ਕਰੋ। ਕੋਸ਼ਿਸ਼ ਕਰੋ ਉਹ ਇਕ ਘੰਟਾ ਨਾਮ ਸਿਮਰਨ ਨਿਰਮਲ ਮਨ ਨਾਲ, ਸ਼ਾਂਤ ਚਿਤ ਹੋ ਕੇ ਹੋਵੇ। ਨਾਮ ਸਿਮਰਨ ਕਰਨ ਵੇਲੇ ਨਾਮ ਦੇ ਪੂਰੇ ਪੂਰੇ ਅੱਖਰ ਤੇ ਲਗਾਂ ਮਾਤ੍ਰਾਂ ਸਹੀ ਲੱਗਣ ਤੇ ਉਹਨੂੰ ਏਨੇ ਪਿਆਰ ਨਾਲ ਉਚਾਰਿਆ ਜਾਏ, ਜਿਵੇਂ ਤੁਸੀਂ ਆਪਣੇ ਪਿਓ ਜਾਂ ਭਰਾ ਪੁਤਰ ਜਾਂ ਬਹੁਤ ਪਿਆਰੇ ਨਾਲ ਬਹੁਤ ਪਿਆਰ ਨਾਲ ਗੱਲ ਕਰਦੇ ਓ, ਉਸ ਤਰ੍ਹਾਂ ਨਾਮ ਨਾਲ ਪਿਆਰ ਕੀਤਾ ਜਾਵੇ।* ***ਸਤਿਗੁਰ ਸੇਵ ਪਿਆਰੁ।।***

*ਸਤਿਗੁਰੂ ਕਿਰਪਾ ਕਰਨ ਸਤ, ਸੰਤੋਖ, ਦਇਆ, ਧਰਮ ਸਾਡੇ ਅੰਦਰ ਆਵੇ, ਕਾਮ ਕਰੋਧ, ਲੋਭ, ਮੋਹ ਸਭ ਸਾਡੇ ਅੰਦਰੋਂ ਨਿਕਲ ਜਾਏ। ਇਹ ਅਰਦਾਸ ਕਰਿਆ ਕਰੋ:*

***ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ।***<br>
***ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ-ਬਲਾਵਹੁ।।***

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਬਾਣੀ ਅਤੇ ਨਾਮ ਨਾਲ ਜੁੜੇ ਰਹੋ



***ਗੁਰਬਾਣੀ ਬੜੀ ਉੱਚੀ ਏ ਕਿਉਂਕਿ ਜਿਸ ਅਵਸਥਾ ਤੇ ਉਹਨਾਂ ਨੇ ਪਹੁੰਚ ਕੇ ਕਿਰਪਾ ਕੀਤੀ ਏ, ਉਹ ਅਵਸਥਾ ਬੜੀ ਉਚੀ ਸੀ ਜਦੋਂ ਅਸੀਂ ਉਧਰ ਨੂੰ ਤੁਰਦੇ ਹਾਂ ਤੇ ਸਾਨੂੰ ਥੋੜ੍ਹੀ ਥੋੜ੍ਹੀ ਸਮੱਝ ਆਉਂਦੀ ਏ, ਮੇਰੀ ਇਹ ਬੇਨਤੀ ਏ ਕਿ ਆਪਾਂ ਉਸ ਪਾਸੇ ਨੂੰ ਜ਼ਰੂਰ ਤੁਰੀਏ ਕਿਉਂਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਸਿੱਖ ਅਖਵਾਉਂਦੇ ਹਾਂ। ਸਾਡੇ ਵਿਚੋਂ ਉਹ ਖੁਸ਼ਬੋ ਜ਼ਰੂਰ ਆਵੇ ਅਸੀਂ ਜਿਥੇ ਜਾਈਏ, ਅਸੀਂ ਕਿਸੇ ਨੂੰ ਮਿਲੀਏ ਉਹਨੂੰ ਪਤਾ ਲਗੇ ਕਿ ਇਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੇ ਸਿੰਘ ਨੇ।***

***ਮੈਂ ਇਹ ਬੇਨਤੀ ਦੁਹਰਾਣਾ ਚਾਵਾਂਗਾ ਜੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਦੱਸਿਆ ਹੈ ਕਿ ਹਰ ਕੋਈ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੇ, ਉਹ ਨਾਮ ਸਿਮਰਨ ਅਸੀਂ ਇਹਨੇ ਪਿਆਰ ਨਾਲ ਕਰੀਏ, ਇਕ ਉਪਦੇਸ਼ ਵਿਚ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਹੈ - ਜਦੋਂ ਤੁਸੀਂ ਨਾਮ ਲੈਂਦੇ ਹੋ ਉਹ ਕੋਸ਼ਿਸ਼ ਕਰੋ ਕਿ ਨਾਮ ਦਾ ਉਚਾਰਣ ਸ਼ੁਧ ਹੋਵੇ ਤੇ ਇਹਨੇ ਪਿਆਰ ਨਾਲ ਲਵੋ ਕਿ ਜਿਹੜੀ ਤੁਹਾਡੀ ਸਭ ਤੋਂ ਪਿਆਰੀ ਵਸਤੂ ਏ ਜਿਸ ਤਰ੍ਹਾਂ ਤੁਸੀਂ ਉਹਦਾ ਨਾਮ ਲੈਂਦੇ ਹੋ। ਜਦੋਂ ਆਪਾਂ ਬੜੇ ਪਿਆਰ ਨਾਲ ਨਾਮ ਲੈਂਦੇ ਹਾਂ ਤਾਂ ਆਪਾਂ ਆਪੇ ਹੀ ਉਹਦੇ ਵਿਚ ਸਮਾ ਜਾਂਦੇ ਹਾਂ। ਤਾਂ ਆਪਣਾ ਧਿਆਨ ਆਸੇ ਪਾਸੇ ਨਹੀਂ ਜਾਂਦਾ।***

***ਆਪਾਂ ਇਹ ਕੋਸ਼ਿਸ਼ ਕਰੀਏ ਕਿ ਜਿਨ੍ਹਾਂ ਜਿਨ੍ਹਾਂ ਵੀ ਹੋ ਸਕਦਾ ਹੈ ਹੁਕਮ ਮੰਨੀਏ, ਇਕ ਘੰਟਾ ਨਾਮ ਸਿਮਰਨ ਹਰ ਸਿੱਖ, ਇਥੇ ਨਾਮਧਾਰੀ ਵੀ ਨੇ ਅਤੇ ਹੋਰ ਲੋਕ ਵੀ ਨੇ ਜਿਨ੍ਹਾਂ ਨੇ ਕਿਤੋਂ ਵੀ ਨਾਮ ਲਿਆ ਹੈ ਉਹ ਇਹ ਕੋਸ਼ਿਸ਼ ਕਰਨ ਕਿ ਇਕ ਘੰਟਾ ਨਾਮ ਸਿਮਰਨ ਹੋਵੇ ਹੀ ਹੋਵੇ।***

***ਦੂਸਰਾ ਮੈਂ ਹੁਕਮ ਸੱਚੇ ਪਾਤਸ਼ਾਹ ਦਾ ਯਾਦ ਕਰਾਉਣਾ ਚਾਹਵਾਂਗਾ ਕਿ ਸਵੇਰ (ਅੰਮ੍ਰਿਤ ਵੇਲੇ) ਉਠਣ ਦਾ। ਅੰਮ੍ਰਿਤ ਵੇਲੇ ਉਠਣ ਦਾ ਸਾਨੂੰ ਇਹ ਦ੍ਰਿੜਾਇਆ ਗਿਆ ਕਿ ਸੂਰਜ ਚੜ੍ਹਨ ਤੋਂ ਪਹਿਲਾਂ, ਇਸ਼ਨਾਨ ਕਰਕੇ, ਨਾਮ ਸਿਮਰਨ ਕਰਕੇ ਤੁਸੀਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰ ਕੇ ਜਾਂਦੇ ਹੋ ਤੇ ਸੱਚੇ ਪਾਤਸ਼ਾਹ ਕਿਰਪਾ ਕਰਦੇ ਨੇ ਤੁਹਾਡੇ ਕੰਮਾਂ ਕਾਰਾਂ ਵਿਚ ਵੀ ਵਾਧਾ ਹੁੰਦਾ ਤੇ ਤੁਸੀਂ ਸੁਖੀ ਵੀ ਰਹਿੰਦੇ ਹੋ। ਇਹ ਸੁਖ, ਇਹ ਜਿਹੜੀ ਮਾਇਆ ਦੀ ਦੌੜ ਏ, ਜਿਹੜੀ ਅਸੀਂ ਲਿਖਾ ਕੇ ਆਏ ਹਾਂ, ਉਹ ਆਪਣੇ ਥਾਂ ਤਾਂ ਚਲਦੀ ਰਹਿੰਦੀ ਏ ਤੇ ਜੇ ਆਪਾਂ ਸੁਖ ਲੈਣਾ ਹੈ ਉਹ ਹੁਕਮ ਮੰਨ ਕੇ ਹੈ।***

***ਇਕ ਮੈਂ ਹੋਰ ਅਰਜ਼ ਬੇਨਤੀ ਕਰਨੀ ਚਾਵਾਂਗਾ ਇਥੇ ਰਹਿੰਦਿਆਂ ਹੋਇਆਂ ਇਹ ਕੋਸ਼ਿਸ਼ ਕਰੋ ਕਿ ਬੱਚਿਆਂ ਨੂੰ ਜਿਹੜੇ ਬੱਚੇ ਇਥੇ ਦੇ ਜੰਮੇ ਪਲੇ ਨੇ ਉਹਨਾਂ ਨੂੰ ਜ਼ਰੂਰ ਥੋੜੀ ਥੋੜੀ ਪੰਜਾਬੀ ਆਉਂਦੀ ਹੋਵੇ ਤਾਂਕਿ ਉਹ ਬੱਚੇ ਗੁਰਬਾਣੀ ਪੜ ਸਕਣ, ਗੁਰਬਾਣੀ ਸਮਝ ਸਕਣ ਤਾਂ ਸਾਡਾ ਇਹ ਰਿਸ਼ਤਾ ਇਸ ਤਰ੍ਹਾਂ ਹੀ ਬਣਿਆ ਰਹੇ। ਗੁਰੂ ਨਾਨਕ ਦੇਵ ਜੀ ਦੀ ਇਹ ਸਿਖੀ ਇਸ ਤਰ੍ਹਾਂ ਹੀ ਵਧਦੀ ਫੁਲਦੀ ਰਹੇ ਤੇ ਉਹਦੀ ਖੁਸ਼ਬੂ ਸਾਡੇ ਵਿਚ ਤੇ ਦੂਜਿਆਂ ਵਿਚ ਸਮਾਉਂਦੀ ਰਹੇ। ਤੇ ਇਕ ਵਾਰੀ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।*** ***-ਬ੍ਰਿਸਬੇਨ, 9 ਜੁਲਾਈ 2015***

1920 में स्थापित ਸਤਿਜੁਗ

## ਵਿਆਹ ਸੰਬੰਧੀ

ਦਿੱਲੀ ਨਿਵਾਸੀ ਨਾਮਧਾਰੀ ਲੜਕੀ, ਉਮਰ 25 ਸਾਲ, ਕੱਦ 5 ਫੁਟ 4 ਇੰਚ, ਬੀ. ਟੈਕ. (ਇਲੈਕਟ੍ਰੀਕਲ) ਨਾਮੀ ਕੰਪਨੀ ਵਿੱਚ ਕਾਰਜਰਤ, ਲਈ ਯੋਗ ਵਰ ਦੀ ਲੋੜ ਹੈ।
ਸੰਪਰਕ: 011-22085613, 9899952613 ਪੋਸਟ ਬਾਕਸ: 971

❖❖❖

ਨਾਮਧਾਰੀ ਲੜਕੀ ਉਮਰ 30 ਸਾਲ, ਕੱਦ 5 ਫੁਟ 2 ਇੰਚ, ਸਵਿਟਜ਼ਰਲੈਂਡ ਵਿੱਚ ਵਰਕ ਪਰਮਿਟ ਤੇ ਨੌਕਰੀ ਕਰ ਰਹੀ, ਵਾਸਤੇ ਵਿਦੇਸ਼ ਵਿੱਚ ਪਕੇ ਤੌਰ ਤੇ ਸਥਾਪਤ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ।
ਸੰਪਰਕ: 09694706040 ਪੋਸਟ ਬਾਕਸ: 972

❖❖❖

ਨਾਮਧਾਰੀ ਲੜਕੀ (ਤਲਾਕਸ਼ੁਦਾ, 6 ਸਾਲ ਦਾ ਬੇਟਾ), ਉਮਰ 34 ਸਾਲ ਕੱਦ 5 ਫੁਟ 3 ਇੰਚ ਲਈ ਯੋਗ ਵਰ ਦੀ ਲੋੜ ਹੈ।
ਸੰਪਰਕ: 09878436922 ਪੋਸਟ ਬਾਕਸ: 973

❖❖❖

ਨਾਮਧਾਰੀ ਲੜਕਾ ਉਮਰ 30 ਸਾਲ, ਕੱਦ 5 ਫੁਟ 6 ਇੰਚ, ਬੀ. ਟੈਕ. (ਐਨ. ਆਈ. ਟੀ.) ਬਹੁ-ਕੌਮੀ ਕੰਪਨੀ ਵਿੱਚ ਕਾਰਜਰਤ, ਲਈ ਇੰਜੀਨੀਅਰ ਯਾਂ ਡਾਕਟਰ ਲੜਕੀ ਨੂੰ ਤਰਜੀਹ ਦਿਤੀ ਜਾਵੇਗੀ।
ਸੰਪਰਕ: 09855738738 ਪੋਸਟ ਬਾਕਸ: 974

❖❖❖

ਨਾਮਧਾਰੀ ਲੜਕੀ ਉਮਰ 24 ਸਾਲ, ਕੱਦ 5 ਫੁਟ 4 ਇੰਚ, ਬੀ. ਟੈਕ, ਐਮ. ਬੀ. ਏ. ਕਰ ਰਹੀ ਵਾਸਤੇ ਢੁੱਕਵੇਂ ਵਰ ਦੀ ਲੋੜ ਹੈ।
ਸੰਪਰਕ: 09814012688 ਪੋਸਟ ਬਾਕਸ 975

❖❖❖

ਨਾਮਧਾਰੀ ਲੜਕਾ ਉਮਰ 29 ਸਾਲ, ਕੱਦ 5 ਫੁਟ 6 ਇੰਚ, ਅੰਦਰੂਨੀ ਸਜਾਵਟ ਵਿੱਚ ਡਿਗਰੀ, ਪ੍ਰਾਪਰਟੀ ਅਤੇ ਉਸਾਰੀ ਦਾ ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਜ਼ਰੂਰਤ ਹੈ।
ਸੰਪਰਕ: 09545830266 ਪੋਸਟ ਬਾਕਸ: 976

❖❖❖

ਨਾਮਧਾਰੀ ਲੜਕਾ ਉਮਰ 29 ਸਾਲ, ਕੱਦ 5 ਫੁਟ 10 ਇੰਚ, ਬੀ. ਟੈਕ., ਆਪਣਾ ਵਪਾਰ, ਲਈ ਯੋਗ ਲੜਕੀ ਦੀ ਲੋੜ ਹੈ।
ਸੰਪਰਕ: 09888777551 ਪੋਸਟ ਬਾਕਸ:977

❖❖❖

ਨਾਮਧਾਰੀ ਲੜਕਾ ਉਮਰ 23 ਸਾਲ, ਕੱਦ 5 ਫੁਟ 11 ਇੰਚ, ਬਿਜ਼ਨਸ ਮੈਨੇਜਮੈਂਟ ਦਾ ਕੋਰਸ ਲਈ ਢੁੱਕਵੀਂ ਲੜਕੀ ਦੀ ਜ਼ਰੂਰਤ ਹੈ।
ਸੰਪਰਕ: 09816078871 ਪੋਸਟ ਬਾਕਸ: 978

❖❖❖

ਨਾਮਧਾਰੀ ਲੜਕੀ ਉਮਰ 27 ਸਾਲ, ਕੱਦ 5 ਫੁਟ 5 ਇੰਚ, ਐਮ. ਸੀ. ਏ., ਪ੍ਰਾਈਵੇਟ ਨੌਕਰੀ, ਲਈ ਦਿੱਲੀ ਅਧਾਰਤ ਵਰ ਦੀ ਲੋੜ ਹੈ।
ਸੰਪਰਕ: 09873251574, 08800978884 ਪੋਸਟ ਬਾਕਸ: 979

❖❖❖

ਨਾਮਧਾਰੀ ਲੜਕਾ ਉਮਰ 30 ਸਾਲ, ਕੱਦ 5 ਫੁਟ 6 ਇੰਚ, ਬੀ.ਟੈਕ. (ਐਨ. ਆਈ. ਟੀ.) ਬਹੁ-ਕੌਮੀ ਕੰਪਨੀ ਵਿੱਚ ਨੌਕਰੀ ਲਈ ਯੋਗ ਲੜਕੀ ਦੀ ਲੋੜ ਹੈ।
ਸੰਪਰਕ:09855738738 ਪੋਸਟ ਬਾਕਸ: 980

❖❖❖

ਨਾਮਧਾਰੀ ਲੜਕਾ ਉਮਰ 27 ਸਾਲ, ਕੱਦ 5 ਫੁਟ 7 ਇੰਚ, ਬੀ.ਕਾਮ., ਇਲੈਕਟ੍ਰਾਨਿਕਸ ਅਤੇ ਟੈਲੀ-ਕਮਿਊਨੀਕੇਸ਼ਨ ਵਿੱਚ ਡਿਪਲੋਮਾ, ਆਪਣਾ ਕਾਰੋਬਾਰ, ਲਈ ਢੁੱਕਵੀਂ ਲੜਕੀ ਦੀ ਜ਼ਰੂਰਤ ਹੈ।
ਸੰਪਰਕ: 09235702062 ਪੋਸਟ ਬਾਕਸ: 981

**ਸਤਿਜੁਗ**

**ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-15**

**e-mail : satjugweekly@hotmail.com**
**satjugweekly@gmail.com**

## ਸਤਿਜੁਗ ਸਹਾਇਤਾ

| ਨਾਮ ਪਤਾ | ਰਕਮ | ਬਾਬਤ |
| --- | --- | --- |
| ● ਸੰਤ ਬਲਬੀਰ ਸਿੰਘ, | 250/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |
| ● ਬੀਬੀ ਰਜਿੰਦਰ ਕੌਰ, ਜੰਮੂ | 151/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |
| ● ਸੰਤ ਹਜਾਰਾ ਸਿੰਘ, ਦਿੱਲੀ | 200/- | ਹਵਨ ਕਰਾਉਣ ਸਮੇਂ। |
| ● ਸੰਤ ਸੇਵਾ ਸਿੰਘ, ਦਿੱਲੀ | 250/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |
| ● ਸੰਤ ਹਰਮੀਤ ਸਿੰਘ, ਮਹਾਰਾਸ਼ਟਰ | 250/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |
| ● ਸੰਤ ਨਵਜੀਤ ਸਿੰਘ, ਦਿੱਲੀ | 250/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |
| ● ਪਰਿਵਾਰ ਜਥੇਦਾਰ ਦਲਜੀਤ ਸਿੰਘ (ਬਲਿਹਾਰ ਜਾਵਾਂ) ਦਿੱਲੀ | 100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ। |

## ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

### ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਰਾਜੇ ਨੇ ਹੈ ਪਾਪ ਇਹ ਕੀਤਾ ਭੋਜਨ ਮਾਸ ਰਲਾਇਆ,
ਦਿਓ ਸਰਾਪ ਰਾਜੇ ਨੂੰ ਸਾਰਾ, ਸਭ ਕੋਲੋਂ ਅਖਵਾਇਆ।
ਰਾਜਾ ਭਾਨੂੰ ਸਣੇ ਟੱਬਰ ਦੇ ਰਾਖਸ਼ ਹੀ ਬਣ ਜਾਏ,
ਬਰਾਹਮਣਾਂ ਨਾਲ ਹੈ ਧੋਖਾ ਕੀਤਾ ਦੇਵੋ ਖੂਬ ਸਜਾਏ।

ਰਾਜਾ ਹੋ ਹੈਰਾਨ ਜੋੜ ਕੇ ਹੱਥ ਸਭਸ ਨੂੰ ਕਹਿੰਦਾ,
ਮੇਰਾ ਕੋਈ ਕਸੂਰ ਨਹੀਂ ਹੈ, ਕਿਓਂ ਮੈਂ ਸਜਾ ਹਾਂ ਸਹਿੰਦਾ।
ਆਪ ਮੈਂ ਭੋਜਨ ਨਹੀਂ ਬਨਾਇਆ ਜਾਣੇ ਬਨਾਵਲ ਵਾਲਾ।
ਜਾਂ ਕਿਸੇ ਰਾਖਸ਼ ਦਾ ਹੈ ਕੰਮ ਇਹ ਜੋ ਅੰਦਰੋਂ ਹੈ ਕਾਲਾ।

ਏਨੇ ਨੂੰ ਆਕਾਸ਼ੋਂ ਆਇਆ ਉੱਚੀ ਬਹੁਤ ਇਹ ਵਾਜਾ,
ਬ੍ਰਾਹਮਣ ਲੋਕੋ ਘਰਾਂ ਨੂੰ ਜਾਓ ਮਾਸ ਨਾਹੀਂ ਸ਼ੁਧ ਖਾਜਾ।
ਸ਼ੁਕਰ ਦੈਂਤ ਨੇ ਬ੍ਰਾਹਮਣ ਬਣ ਕੇ ਮਾਸ ਹੈ ਵਿਚ ਰਲਾਇਆ,
ਕੋਈ ਨਾ ਖਾਇਓ ਇਹ ਗੱਲ ਸੁਣ ਕੇ ਬ੍ਰਾਹਮਣ ਕੱਠ ਮੁੜ ਆਇਆ।

(ਚਲਦਾ)

## सामाजिक क्रान्ति के महानायक

(पीछे से आगे) सुरजीत सिंह जोबन

गावों में नियुक्त ये हरकारे सन्देश पाते ही अगले नियत पड़ाव के लिए सन्देश देने को छौड़ पड़ते थे। ये सारा कार्य निस्वार्थ भाव से किया जाता था। अंग्रेजी सरकार को 1860 में इस डाक प्रबन्ध का पता चला तो तुरन्त भारत सरकार को खबर दी गई। इस डाक प्रबंध के संगठित ढंग से काम करने की सरकारी कागजों में प्रशंसा भी की गई। हैरानी की बात से यह है कि विदेशी शासकों को डाक पहुंचाने के मार्ग का भी अधिकतर पता नहीं चलता था।

**विधवा विवाह–** उन दिनों नारी पर एक काम के लिए भी दबाव डाला जाता था जिससे वह पति के साथ चाहे अनचाही सती हो जाया करती थी। उस पर परिवार, समाज तथा धर्म के ठेकेदारों की ओर से दबाव डाला जाता था कि पति के साथ सती होने के साथ स्वर्ग में स्थान मिलेगा। भारत में और विशेषतया पंजाब में ये कुप्रथा अपने जोरों पर थी। पति के साथ महिला के नाम पर मन्दिर बना दिये जाते थे। इसके लिए पंजाब में इतिहास नामक पुस्तक के पृष्ट 175 पर लेखक एक घटना का वर्णन करता है– कि विधवा से सह जमें ही वचन ले लिया जाता और उसे घेर लेते तथा रोना पीटना आरम्भ कर देते। बेचारी विधवा की मति भ्रष्ट कर दी जाती। उसमें सोचने की शक्ति समाप्त हो जाती। और अन्नतः वह उस दुखभरे वातावरण में सती होने को मजबूर हो जाती। बाकी की सारी आयु आधी-आधी रोटी पर दिन गुजारने से तो यही अच्छा है कि सती हो जाए। हालांकि गुरु साहिबान ने सती प्रथा का विरोध किया फिर भी ये प्रथा समाप्त नहीं हुई। विधवा को कलंकनि, हत्यारिन आदि से सम्बोधित किया जाता था।

**सती प्रथा का विरोध–** सद्गुरु जी ने स्वंय देखा कि महाराजा रणजीत सिंह और उसके पुत्र खड्ग सिंह के साथ कई रानीयां व दासियों का जबरदस्ती सती कर दिया गया था। बंगाल में तो विधवाओं का सबसे बुरा हाल था। 1871 के एक वर्ष में बंगाल प्रांत में 700 स्त्रीयां सती हुई थी। 1836 में राजा राममोहन राय ने बाइसराय विलियम बैंटिक के साथ मिलकर सती प्रथा विरोधी कानून बनवा दिया था पर इसका कोई खास प्रभाव बंगाल में नहीं हुआ। शेष भारत में तो इसका क्या प्रभाव पड़ना था।

(चलता)

**New committee for UK. Announced in the holy presence of Sri Satguru Uday Singh Ji on 31st August in London.**

| | |
|---|---|
| **President** | : Sulakhan Singh Jandu |
| **Vice President** | : Gursharn Singh Surdhar |
| **Vice President** | : Harminder Singh Chana |
| **General Secretary** | : Daljit Kaur Ryatt |
| **Assistant Secretary** | : Ajeet Singh Anjaan |
| **Treasurer** | : Rattan Singh Sehra |
| **Publicity Secretary** | : Jeetej Singh |
| **Assistant Publicity Secretary** | : Charanjeev Singh Chana |
| **Member (Leeds** | : Inderjit Singh |
| **Member (Leicester)** | : Gurdial Singh Flora |
| **Member (Southall)** | : Gurmukh Singh Roopra |
| **Member (Birmingham)** | : Kuldip Singh Ubhi |
| **Member** | : Harvinder Singh Sian |

# AN ACCOUNT OF MY JOURNEY TO AUSTRALIA

Namdhari Sikhs from India, Thailand, Canada and UK joined Sri Satguru Uday Singh, Sri Mata Chand Kaur, Bibi Gursharan Kaur, on their tour to Australia. It was also my first time to Australia and my maiden trip along with with His Holiness Sri Satguru Uday Singh Ji and other Namdhari Sikhs, but I promise it won't be the last. I wasn't sure what it would be like but I knew I wanted to go and I am really glad I did.

4th of July the trip started, Bangkok to Perth followed by Brisbane then Sydney and Melbourne. The journey became fruitful right from the word go. Flight was delayed for 3 hours, so Mr. Satnam Singh Mukta could join us from Canada and finally we were off.

What a lovely reception it was. Beautiful flowers were arranged to greet Patsha Ji. Cars and mini buses were waiting to transport us to the relevant destination. It was peak winter in Australia, but we were lucky I guess, we experienced comfortable and cozy temperature throughout the visit. We received really warm welcome from the Namdhari Sikhs living in Australia who took out the time from their busy schedule to make this a blissful trip for all of us. Everyone was so nice, kind and friendly. All efforts put in to organize our stay were very generous. It was perfectly arranged. Love and respect was truly felt and it touched our hearts.

The spirit in which sewa was delivered was amazing. To see Sikhi in a western country and western influence can only be with the blessings of Sri Satguru Ji himself. Where ever Satguru Ji went there was a daily Asa di Vaar. One hour daily Naam Simran followed by beautiful Gurbani Kirtan, sung in melodious Ragas. Satguru Ji would tune him-self to the Gurbani, following and digesting every word sung.

I must admit that I was amazed to see that kids and teenagers there could speak Punjabi fluently, unlike me, if I could turn back time I would pay more attention to my Punjabi classes because I regret it now, I really do.

His Holiness Sri Satguru Uday Singh was always so concerned about how everyone was doing. Everyday he would ask me "Nina, how are you?" "Nina, can you eat the Indian food?" "Nina, is getting up very early, is it ok for you?" And so on. Felt blessed. Honestly I'm not a fan of Indian food nor I'm an early riser but I felt everything was perfect, the food, people, atmosphere, weather, every little thing was phenomenal.

Patshah Ji is so down to earth, he is reachable to his followers. During the day, Sri Satguru Uday Singh Ji would be visiting Sadh Sangat's homes, blessing them and bestowing Sikhi into the families that resided there. Children were so enthusiastic. It was great to see Patshah Ji showering his love upon them. Satguru Ji didn't have much time to relax nor rest. But never once we saw him without a smile on his face.

Lastly I would like to thank all the Namdhari Sikhs in Australia for the best hospitality, and of course special thanks to Suba Satnam Singh and his family, truly appreciate it.

**Mrs. Nina Sethi**

SATJUG
ESTABLISHED IN 1920

**DISCOURSE**

**SATGURU PARTAP SINGH JI**


# BABA BUDHA SINGH



Here I am reminded of a saintly person Budha Singh. He lived at village Bahre dee Vaan, which is now known as Budha Singh Vaali Vaan. This was located at about 10-12 KM from Tarn Taaran. One day he put off his shoes and entered the stock-room of corn. Just when he started weighing the corn with a balance in his hands, he was surprised to see a raging fire, from which he heard a voice saying, "My name is Ram Singh, my village Bhaini is located at about sixteen miles in the east of Ludhiana, you come and meet me." The fire started moving and Budha Singh followed it. He was stunned and also highly motivated to meet this divine personality who appeared in the guise of a fire storm, to guide him. Budha Singh continued to walk and follow the fire storm. On the way he crossed two rivers ie Beas and Satluj even in the same state of trance. He did not even notice whether he was walking on the ground or the water. After crossing Ludhiana he reached a village Heeran, near Sri Bhaini Sahib, where the storm suddenly disappeared. He then realised that he was no more in his village. He enquired from some body, "Is there any village by name Bhaini near about?" He replied him in affirmative and showed him the way to reach Bhaini.

As Budha Singh entered Sri Bhaini Sahib, he met Satguru Ram Singh Ji who was carrying his iron water pot and wearing wooden sandals. Budha Singh offered his salutions and asked him if there was any body by name Ram Singh in the village. There was one farmer also by this name in the village, so Satguru Ji replied him in affirmative. **-Transliteration by Sant Singh**

# In Memory of Biji Rattan Kaur (1922-2015)



Biji Rattan Kaur passed away peacefully on Sunday, August 30th, 2015 in her Asheboro home. Biji, which translates to "most beloved mother", was just that to all who knew her. Biji had a beautiful spirit, a generous heart and made us laugh often. She was undeniably true to herself. She remained ever faithful to her husband, Sardar Amar Singh, who predeceased her 43 years ago. Sardar Amar Singh, with the grace of Satguru Jagjit Singh Ji, used to do Naam Simran through the night and worked in the day. In one of his holy discourses Sri Satguru Ji quoted "Sardar Amar Singh was unwell and admitted to All India Medical Sciences, New Delhi for treatment. After few days he told the doctors and nurses, thank you very much for your services now my account with you is over, please do not disturb me anymore since I shall be leaving this world tomorrow at 2 pm, past 20 minutes and 20 seconds. Next day exactly at the said time as predicted he left for his heavenly abode.

Her sons, Surinder Singh (Harjinder Kaur) and Iqbal Singh (Sulakhshana Kaur) and a grandson, Tarun Singh, also predeceased her.

She is survived by her sons, Gulzar Singh (Rajinder Kaur), Sukhdev Singh (Neena) and her daughters, Jagdish Kaur (Yashpal Singh), Kulwant Kaur (Dr. Hanspal) and Jasbir Kaur, (Raj). Her 17 grandchildren and her 19 great grandchildren filled her life with love and laughter.

She survived as long as she did in most part due to the love and support she received from her best friend, Evelyn Rodman. We all owe Evelyn a debt of gratitude for her genuine affection for Biji Rattan Kaur. Further, Ferriest, Biji's dear sweet friend, also provided years of love and devotion. She was truly cared for in a way reserved for only the most precious of souls. Our beloved mother will be missed but the grace with which she lived her life will resonate with us for the rest of our days. ■

SATJUG
ESTABLISHED IN 1920

**The new committee for UK is as follow. This was announced in the holy presence of Sri Satguru Uday Singh Ji on 31 August at London.**

| | | |
|---|---|---|
| **President** | : | Sulakhan Singh Jandu |
| **Vice President** | : | Gursharn Singh Surdhar |
| **Vice President** | : | Harminder Singh Chana |
| **General Secretary** | : | Daljit Kaur Ryatt |
| **Assistant Secretary** | : | Ajeet Singh Anjaan |
| **Treasurer** | : | Rattan Singh Sehra |
| **Publicity Secretary** | : | Jeetej Singh |
| **Assistant Publicity Secretary** | : | Charanjeev Singh Chana |
| **Member (Leeds)** | : | Inderjit Singh |
| **Member (Leicester)** | : | Gurdial Singh Flora |
| **Member (Southall)** | : | Gurmukh Singh Roopra |
| **Member (Birmingham)** | : | Kuldip Singh Ubhi |
| **Member** | : | Harvinder Singh Sian |

# AN ACCOUNT OF MY JOURNEY TO AUSTRALIA

Namdhari Sikhs from India, Thailand, Canada and UK joined Sri Satguru Uday Singh Ji, Sri Mata Chand Kaur Ji, Mata Gursharan Kaur Ji, on their tour to Australia. It was also my first time to Australia and my maiden trip along with with His Holiness Sri Satguru Uday Singh Ji and other Namdhari Sikhs, but I promise it won't be the last. I wasn't sure what it would be like but I knew I wanted to go and I am really glad I did.

4th of July the trip started, Bangkok to Perth followed by Brisbane then Sydney and Melbourne. The journey became fruitful right from the word go. Flight was delayed for 3 hours, so Mr. Satnam Singh Mukta could join us from Canada and finally we were off.

What a lovely reception it was. Beautiful flowers were arranged to greet Patsha Ji. Cars and mini buses were waiting to transport us to the relevant destination. It was peak winter in Australia, but we were lucky I guess, we experienced comfortable and cozy temperature throughout the visit. We received really warm welcome from the Namdhari Sikhs living in Australia who took out the time from their busy schedule to make this a blissful trip for all of us. Everyone was so nice, kind and friendly. All efforts put in to organize our stay were very generous. It was perfectly arranged. Love and respect was truly felt and it touched our hearts.

The spirit in which sewa was delivered was amazing. To see Sikhi in a western country and western influence can only be with the blessings of Sri Satguru Ji himself. Where ever Satguru Ji went there was a daily Asa di Vaar. One hour daily Naam Simran followed by beautiful Gurbani Kirtan, sung in melodious Ragas. Satguru Ji would tune him-self to the Gurbani, following and digesting every word sung.

I must admit that I was amazed to see that kids and teenagers there could speak Punjabi fluently, unlike me, if I could turn back time I would pay more attention to my Punjabi classes because I regret it now, I really do.

His Holiness Sri Satguru Uday Singh Ji was always so concerned about how everyone was doing. Everyday he would ask me " Nina ,how are you?" "Nina, can you eat the Indian food?" "Nina, is getting up very early, is it ok for you?" And so on. Felt blessed. Honestly I'm not a fan of Indian food nor I'm an early riser but I felt everything was perfect, the food , people, atmosphere ,weather, every little thing was phenomenal.

Patshah Ji is so down to earth, he is reachable to his followers. During the day, Sri Satguru Uday Singh Ji would be visiting Sadh Sangat's homes, blessing them and bestowing Sikhi into the families that resided there. Children were so enthusiastic. It was great to see Patshah Ji showering his love upon them. Satguru Ji didn't have much time to relax nor rest. But never once we saw him without a smile on his face.

Lastly I would like to thank all the Namdhari Sikhs in Australia for the best hospitality, and of course special thanks to Suba Satnam Singh Ji and his family, truly appreciate it.

**Mrs. Nina Sethi**

## DISCOURSE

## SATGURU PARTAP SINGH JI

# BABA BUDHA SINGH



Here I am reminded of a saintly person Budha Singh. He lived at village Bahre dee Vaan, which is now known as Budha Singh Vaali Vaan. This was located at about 10-12 KM from Tarn Taaran. One day he put off his shoes and entered the stock-room of corn. Just when he started weighing the corn with a balance in his hands, he was surprised to see a raging fire, from which he heard a voice saying, "My name is Ram Singh, my village Bhaini is located at about sixteen miles in the east of Ludhiana, you come and meet me." The fire started moving and Budha Singh followed it. He was stunned and also highly motivated to meet this divine personality who appeared in the guise of a fire storm, to guide him. Budha Singh continued to walk and follow the fire storm. On the way he crossed two rivers ie Beas and Satluj even in the same state of trance. He did not even notice whether he was walking on the ground or the water. After crossing Ludhiana he reached a village Heeran, near Sri Bhaini Sahib, where the storm suddenly disappeared. He then realised that he was no more in his village. He enquired from some body, "Is there any village by name Bhaini near about?" He replied him in affirmative and showed him the way to reach Bhaini.

As Budha Singh entered Sri Bhaini Sahib, he met Satguru Ram Singh Ji who was carrying his iron water pot and wearing wooden sandals. Budha Singh offered his salutions and asked him if there was any body by name Ram Singh in the village. There was one farmer also by this name in the village, so Satguru Ji replied him in affirmative.

**-Transliteration by Sant Singh**

# The Memory of Biji Rattan Kaur



Biji Rattan Kaur passed away peacefully on Sunday, August 30th, 2015 in her Asheboro home. Biji, whioch translates to "most beloved mother", was just that to all who knew her. Biji has a beautiful spirit, a generous heart and made us laugh often. She was undeniably true to herself. She remained ever faithful to her husband, Sardar Amar Singh, who predeceased her 43 years ago. Her sons, Surinder Singh (Harjinder Kaur) and Iqbal Singh (Sulakhshana Kaur) and a grandson, Tarun Singh, also predeceased her.

She is survived by her sons, Gulzar Singh (Rajinder Kaur), Sukhdev Singh (Neena) and her daughters, Jagdish Kaur (Yashpal Singh), Kulwant Kaur (Dr. Hanspal) and Jasbir Kaur, (Raj). Her 17 grandchildren and her 19 great grandchildren filled her life with love and laughter.

She survived as long as she did in most part due to the love and support she received from her best friend, Evelyn Rodman. We all owe Evelyn a debt of gratitude for her genuine affection for Biji Rattan Kaur. Further, Ferriest, Biji's dear sweet friend, also provided years of love and devotion. She was truly cared for in a way reserved for only the most precious of souls. Our beloved mother will be missed but the grace with which she lived her life will resonate with us for the rest of our days.

# ਸ੍ਰੀ ਸਤਿਗੁਰੂ ਜੀ ਦਾ ਮੈਲਬਰਨ ਦੌਰਾ...(ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਗੁਰਮੁਖ ਸਿੰਘ ਰਹਿਬਰ (ਸਕੱਤਰ ਨਾਮਧਾਰੀ ਦਰਬਾਰ) ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ।**



**ਸ੍ਰੀ ਸਤਿਗੁਰੂ ਜੀ ਗਿਆਨੀ ਜੋਗਿੰਦਰ ਸਿੰਘ (ਲੁਧਿਆਣਾ) ਦੇ ਪਰਿਵਾਰ ਨੂੰ ਖੁਸ਼ੀਆਂ ਬਖ਼ਸ਼ਦੇ ਹੋਏ,**

ਸਤਿਗੁਰੂ ਜੀ, ਮਾਤਾ ਜੀ ਅਤੇ ਬੀਬੀ ਜੀ ਸਹਿਤ ਸੋਧੀਆਂ ਦੇ ਡੇਰੇ ਨੌਜਵਾਨ ਰੁਪਿੰਦਰ ਸਿੰਘ ਘਰ ਸੀ। ਜਿਥੋਂ ਪ੍ਰਸ਼ਾਦ ਪਾਣੀ ਛਕਣ ਆਰਾਮ ਕਰ ਸਤਿਗੁਰੂ ਜੀ ਨੇ ਮਾਰੇਵਰ ਹਾਲ ਵਿਚ 5 ਤੋਂ 6 ਹੋ ਰਹੇ ਨਾਮ ਸਿਮਰਨ ਵਿਚ ਜਾ ਦਰਸ਼ਨ ਦਿਤੇ। ਨਾਮ ਸਿਮਰਨ ਦੌਰਾਨ ਸੰਤ ਗੁਰੂਬਚਨ ਸਿੰਘ ਨੇ ਮਨ ਦੀ ਅਵਸਥਾ ਦੇ ਪ੍ਰਥਾਏ ਪ੍ਰਭਾਵਸ਼ਾਲੀ ਕਥਾ ਕੀਤੀ ਜਿਸ ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ, ਗੁਰਮੁਖ ਸਿੰਘ, ਹਰਪ੍ਰੀਤ ਸਿੰਘ ਤਬਲਾ ਵਾਦਕ ਨਾਲ ਗੁਰਸ਼ਰਨ ਸਿੰਘ ਨੇ ਕੀਰਤਨ ਕੀਤਾ। ਵੱਡੀ ਗਿਣਤੀ ਵਿਚ ਮੈਲਬਰਨ ਦੀ ਸਾਧ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ। ਤਕਰੀਬਨ 7 ਵਜੇ ਕੀਰਤਨ ਸਮਾਪਤੀ ਦੀ ਅਰਦਾਸ ਸੰਤ ਨਿਸ਼ਾਨ ਸਿੰਘ ਨੇ ਕੀਤੀ।

**14 ਜੁਲਾਈ 2015**–ਆਸਾ ਦੀ ਵਾਰ ਦਾ ਕੀਰਤਨ ਮਾਰੇਵਰ ਹਾਲ ਵਿਚ ਹੀ ਹੋਇਆ। ਵੱਡੀ ਗਿਣਤੀ ਵਿਚ ਸੰਗਤ ਨੇ ਸ੍ਰੀ ਹਜ਼ੂਰ ਦੇ ਚਰਨ ਪਰਸੇ ਉਪਰੰਤ ਕੁਝ ਘਰਾਂ ਵਿਚ ਚਰਨ ਪਾ ਡੇਰੇ ਆ ਜਲ ਪਾਣੀ ਛਕਿਆ ਤੇ ਫਿਰ ਸਿਖੀ ਸਾਂਭ ਲਈ ਸਿਖਾਂ ਦੇ ਘਰਾਂ ਵਿਚ ਜਾ ਚਰਨ ਪਾਏ ਵੇਰਵਾ–

ਸਭ ਤੋਂ ਪਹਿਲਾਂ ਭੁਰਜੀ ਜੋ ਕਿ ਘਰ ਨਿਰਮਾਣ ਦਾ ਕਾਰਜ ਕਰਦੇ ਹਨ ਉਹਨਾਂ ਦੁਆਰਾ ਉਸਾਰੇ ਜਾ ਰਹੇ ਇਕ ਘਰ ਵਿਚ ਜਾ ਇਥੋਂ ਦੀ ਨਿਰਮਾਣ ਤਕਨੀਕ ਤੇ ਝਾਤ ਮਾਰੀ।

ਉਪਰੰਤ ਗੁਰਪ੍ਰੀਤ ਸਿੰਘ ਜੋ ਕਿ ਮਾਤਾ ਚੰਦ ਕੌਰ ਜੀ ਦੇ ਤਾਇਆ ਜੀ ਦਾ ਪੋਤਰਾ ਹੈ ਘਰ ਚਰਨ ਪਾਏ ਇਥੇ ਇਸਦੇ ਪਿਤਾ ਭਾਵ ਮਾਤਾ ਜੀ ਦੇ ਤਾਏ ਦੇ ਪੁਤਰ ਭਰਾ ਨੇ ਵੀ ਚਰਨ ਪਰਸੇ।

ਘਰਾਂ ਵਿਚ ਚਰਨ ਪਾਉਣ ਤੋਂ ਬਾਅਦ ਸ੍ਰੀ ਹਜ਼ੂਰ 5 ਤੋਂ 6 ਤਕ ਚਲਣ ਵਾਲੇ ਨਾਮ ਸਿਮਰਨ ਵਿਚ ਦਰਸ਼ਨ ਦਿੱਤੇ। ਨਾਮ ਸਿਮਰਨ ਦੌਰਾਨ ਸੰਤ ਨਿਸ਼ਾਨ ਸਿੰਘ ਨੇ ਕਥਾ ਕੀਤੀ। ਅਰਦਾਸ ਉਪਰੰਤ ਨੌਜਵਾਨ ਸੁਮਿਤਰ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਸਭ ਤੋਂ ਪਹਿਲਾਂ ਸਥਾਨਕ ਬੱਚਿਆਂ ਦਾ ਪ੍ਰੋਗਰਾਮ ਚਲਾਇਆ। ਵੇਰਵਾ–

ਬੱਚੀ ਸਤਵੰਤ ਕੌਰ ਕਵਿਤਾ – ਪ੍ਰਥਾਏ ਸਤਿਗੁਰੂ ਜਗਜੀਤ ਸਿੰਘ ਜੀ

ਸਤਵੰਤ ਕੌਰ (ਪੁੱਤਰੀ ਸੋਨੂੰ ਸਹਿਬਾਬਾਦ) ਨੇ ਸ਼ਬਦ ਗਾਇਨ ਕੀਤਾ।

ਰਤਨ ਸਿੰਘ ਤੇ ਨਰਾਇਣ ਸਿੰਘ ਨੇ ਸ਼ਬਦ ਗਾਇਨ ਕੀਤਾ –

***ਕਰਿ ਕਿਰਪਾ ਪ੍ਰਭ ਦੀਨ ਦਇਆਲਾ।।***

ਇਹ ਨੌਜਵਾਨ ਰੁਪਿੰਦਰ ਸਿੰਘ ਦੇ ਬੱਚੇ ਸਨ ਜਿਹਨਾਂ ਘਰ ਸਤਿਗੁਰੂ ਜੀ ਦਾ ਡੇਰਾ ਸੀ। ਇਹਨਾਂ ਬੱਚਿਆਂ ਨੂੰ ਸਤਿਗੁਰੂ ਜੀ ਨੇ ਦਸਤਾਰਾਂ ਵੀ ਸਜਾਈਆਂ ਸਨ। ਪੂਰਾ ਪਰਿਵਾਰ ਗੁਰਸਿਖੀ ਵਿਚ ਹੈ।

ਅਗਲਾ ਸ਼ਬਦ ਗਾਇਨ ਕੀਤਾ ਬੀਬੀ ਸੁਖੋ ਕੌਰ ਨੇ ਪੁਤਰੀ ਸੁਖਜਿੰਦਰ ਸਿੰਘ ਮੰਗਾਂ ਅਤੇ ਗਿਆਨੀ ਜੀ ਦੀ ਪੋਤਰੀ।

ਹੁਣ ਆਸਟ੍ਰੇਲੀਆ ਦੀਆਂ ਬੀਬੀਆਂ ਨੇ ਇਕ ਸ਼ਬਦ ਗਾਇਨ ਕੀਤਾ– ਜਿਨਾਂ ਨਾਲ ਸੂਬਾ ਸਤਨਾਮ ਸਿੰਘ ਦੀਆਂ ਲੜਕੀਆਂ ਨੇ ਸਾਥ ਦਿੱਤਾ।

ਇਕ ਸ਼ਬਦ ਬੀਬੀ ਦਿਲਪ੍ਰੀਤ ਕੌਰ ਨੇ ਗਾਇਨ ਕੀਤਾ ਇਹ ਗਿਆਨੀ ਜੀ ਦੀ ਨੂੰਹ ਹੈ। ਤਬਲੇ ਤੇ ਹਰਪ੍ਰੀਤ ਸਿੰਘ ਸੋਨੂੰ ਨੇ ਸੰਗਤ ਕੀਤੀ।

ਬੀਬੀਆਂ ਦੇ ਜਥੇ ਨੇ ਇਕ ਸ਼ਬਦ ਗਾਇਨ ਕੀਤਾ– ਮੇਰੇ ਲਾਲਨ ਕੀ ਸੋਭਾ।।

ਇਸ ਤੋਂ ਬਾਅਦ ਪੰਡਤ ਜਸਰਾਜ ਦੇ ਸ਼ਗਿਰਦ ਅਤੇ ਨੌਜਵਾਨ ਅਨੂਪ ਸਿੰਘ ਦੀ ਪਤਨੀ ਬੀਬੀ ਨਿਤੂ ਮਠਾੜੂ ਨੇ ਕਲਾਸਿਕਲ ਤਾਲੀਮ ਹਾਸਿਲ ਹੋਣ ਕਾਰਨ ਬੜੇ ਚੰਗੇ ਢੰਗ ਅਤੇ ਸੁਰ ਨਾਲ ਸ਼ਬਦ ਗਾਇਨ ਕੀਤਾ।

***ਆਵੋ ਜੀ ਤੁਮ ਹਮਾਰੇ।।*** ਬੀਬੀ ਨਿਤੂ ਜਥੇਦਾਰ ਜਤਿੰਦਰ ਸਿੰਘ ਕਨੇਡਾ ਦੀ ਲੜਕੀ ਹੈ।

ਹੋਰ ਸ਼ਬਦ ਗਾਇਨ ਕੀਤੇ

***ਅਤਿ ਪ੍ਰੀਤਮ ਮਨ ਮੋਹਨਾ***
***ਘਟ ਸੋਹਨਾ ਪ੍ਰਾਨ ਅਧਾਰਾ ਰਾਮ।।***

ਬੀਬੀ ਨੀਤੂ ਦਾ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਸਤਿਗੁਰੂ ਉਦੈ ਸਿੰਘ ਜੀ ਤੇ ਵਿਸ਼ਵਾਸ਼ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਇਸਦੇ ਅੱਖਾਂ 'ਚ ਹੋਣ ਵਾਲੇ ਦਰਦ ਨੂੰ, ਰੋਗ ਨੂੰ ਕਟਣ ਬਾਅਦ ਹੋਰ ਦ੍ਰਿੜ ਹੋ ਗਿਆ ਅਤੇ ਇਸਦੇ ਗਾਇਨ ਵਿਚ ਇਕ ਪ੍ਰੇਮ ਅਤੇ ਵੈਰਾਗ ਦੀ ਝਲਕ ਸੀ। ਇਕ ਨਜ਼ਰ ਜਦ ਇਸਦੇ ਪਿਤਾ ਵਲ ਪਾਈ ਤਾਂ ਉਹ ਵੀ ਨੇਤਰਾਂ ਚੋਂ ਜਲ ਪੂੰਝਦੇ ਦਿਸੇ।

ਬੀਬੀ ਨਿਤੂ ਨੇ ਗਾਇਨ ਉਪਰੰਤ ਸ੍ਰੀ ਹਜ਼ੂਰ ਦੇ ਚਰਨਾਂ ਵਿਚ ਜਾ ਨਮਸਕਾਰ ਕੀਤੀ। ਅਜ ਦੇ ਪ੍ਰੋਗਰਾਮ ਵਿਚ ਬੀਬੀ ਸਿੰਦਰ ਕੌਰ ਨੇ ਆਪਣੀ ਇਕ ਪੁਸਤਕ ਵੀ ਰਲੀਜ਼ ਕਰਵਾਈ।

**15–7–2015–** ਆਸਾ ਦੀ ਵਾਰ ਹਜ਼ੂਰੀ ਰਾਗੀ ਸਿੰਘਾਂ ਨੇ ਲਗਾਈ। ਹਰ ਰੋਜ਼ ਦੀ ਤਰ੍ਹਾਂ 200 ਤੋਂ ਵੱਧ ਸੰਗਤਾਂ ਨੇ ਸ੍ਰੀ ਹਜ਼ੂਰ ਦੇ ਦਰਸ਼ਨ ਕਰ ਜੀਵਨ ਸਫਲਾ ਕੀਤਾ। ਰਾਗੀਆਂ ਦੁਆਰਾ ਗਾਇਨ ਕੀਤੇ ਸ਼ਬਦਾਂ ਦਾ ਵੇਰਵਾ–

***– ਸਤ ਸੰਗਤ ਮਿਲੇ ਸੋ ਤਰਿਆ ਰੇ***
***ਮੇਰੇ ਮਾਧੋ ਜੀ।।***
***– ਸਭ ਜਗ ਤੇਰਾ ਹੋਏ ਫਰੀਦਾ***
***ਜੇ ਤੂ ਮੇਰਾ ਹੋਇ।।***

ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁਝ ਘਰਾਂ ਵਿਚ ਚਰਨ ਪਾਏ–

ਬੀਬੀ ਸਿੰਦਰ ਕੌਰ ਦੇ ਵਡੇ ਪੁੱਤਰ ਸਤਵਿੰਦਰ ਸਿੰਘ ਘਰ।

ਇਸ ਤੋਂ ਬਾਅਦ ਬੀਬੀ ਜੀ ਦੇ ਦੂਜੇ ਪੁੱਤਰ ਸੇਰ ਸਿੰਘ ਘਰ ਅਤੇ ਇਸ ਤੋਂ ਬਾਅਦ ਬੀਬੀ ਜੀ ਦੇ ਜਵਾਈ ਅਜੀਤਪਾਲ ਸਿੰਘ ਘਰ ਚਰਨ ਪਾਏ। ਅਜੀਤਪਾਲ ਸਿੰਘ ਦਾ ਪਿਛੋਕੜ ਦਿੱਲੀ ਅਸ਼ੋਕ ਨਗਰ ਦਾ ਹੈ।

ਡੇਰੇ ਜਾ ਪ੍ਰਸ਼ਾਦ ਪਾਣੀ ਛਕ ਰੁਪਿੰਦਰ ਸਿੰਘ ਦੇ ਬੱਚਿਆਂ ਨੂੰ ਦਸਤਾਰਾਂ ਸਜਾਈਆਂ।

ਨਾਮ ਸਿਮਰਨ ਤੋਂ ਪਹਿਲਾਂ ਕੁਝ ਘਰਾਂ ਵਿਚ ਚਰਨ ਪਾਏ। ਜਤਿੰਦਰ ਸਿੰਘ ਜੋਹਲ, ਗੁਰਸੇਵ ਸਿੰਘ, ਹਰਦੇਵ ਸਿੰਘ ਆਦਿ।

ਸ਼ਾਮ ਦਾ ਨਾਮ ਸਿਮਰਨ 5.30 ਤੋਂ 6.30 ਤਕ ਜਿਸ ਦੌਰਾਨ ਕਥਾ ਸੰਤ ਨਿਸ਼ਾਨ ਸਿੰਘ ਨੇ ਕੀਤੀ। ਉਪਰੰਤ ਰਾਗੀ ਜਥੇ ਨੇ ਕੀਰਤਨ ਕੀਤਾ।

ਨਾਮ ਸਿਮਰਨ ਉਪਰੰਤ ਡੇਰੇ ਆ ਜਲ ਪਾਣੀ ਛਕਿਆ ਅਤੇ ਅਜ ਇਥੇ ਹੀ ਮੈਲਬਰਨ ਦੇ ਸਾਰੇ ਨੌਜਵਾਨਾਂ ਨੂੰ ਸਦਿਆ ਸੀ ਜਿਨਾਂ ਨਾਲ ਭਵਿਖ ਵਿਚ ਸਿਖੀ ਸਾਂਭ ਲਈ ਅਤੇ ਹਲਾਸ਼ੇਰੀ ਨਾਲ ਧਰਮ ਕਾਰਜਾਂ ਵਿਚ ਜੁੜਨ ਲਈ ਸ੍ਰੀ ਹਜ਼ੂਰ ਵਲੋਂ ਉਪਦੇਸ਼ ਦਿੱਤਾ ਗਿਆ।

**16–7–2015–** ਆਸਾ ਦੀ ਵਾਰ ਦਾ ਕੀਤਰਨ ਵਾਰੇ ਦੇ ਰੂਪ ਵਿਚ ਹਜ਼ੂਰੀ ਰਾਗੀ ਜਥੇ ਦੇ ਨਾਲ ਸਾਧਾ ਸਿੰਘ ਮੰਡੀ, ਗਿਆਨੀ ਜੋਗਿੰਦਰ ਸਿੰਘ ਲੁਧਿਆਣਾ, ਗੁਰਮੁਖ ਸਿੰਘ, ਸੁਮਿਤਰ ਸਿੰਘ, ਜਤਿੰਦਰ ਸਿੰਘ ਆਦਿ ਨੇ ਕੀਤਾ ਅਤੇ ਸਾਉਣ ਦੀ ਸੰਗਰਾਂਦ ਦੇ ਸ਼ਬਦ ਪੜ੍ਹੇ। ਵਾਰੇ ਉਪਰੰਤ ਸ੍ਰੀ ਹਜ਼ੂਰ ਨੇ ਜਲ ਪਾਣੀ ਛਕਿਆ ਅਤੇ ਭਾਰਤ, ਮੈਲਬਰਨ ਅਤੇ ਆਦਿ ਥਾਵਾਂ ਤੋਂ ਦਰਸ਼ਨ ਕਰਨ ਆਈ ਸਮੂੰਹ ਸੰਗਤ ਨਾਲ ਰਮਣੀਕ ਥਾਵਾਂ ਤੇ ਸੈਰ ਕੀਤੀ। ਉਹ ਪਹਿਲਾਂ ਪਾਰਕ ਸੀ ਜਿਸ ਚੋਂ ਸਾਰਾ ਮੈਲਬਰਨ ਸ਼ਹਿਰ ਦਿਸਦਾ ਸੀ ਅਤੇ ਦੂਜੇ ਸਥਾਨ ਵਿਚ ਬਹੁਤ ਵਧੀਆ ਨਰਸਰੀਆਂ, ਫੁਲ ਬੂਟੇ ਆਸਟ੍ਰੇਲੀਆ ਪ੍ਰਜਾਤੀਆਂ ਦੇ ਲਗੇ ਸਨ। ਖੂਬਸੂਰਤ ਪਾਰਕਾਂ ਦੀ ਸੈਰ ਬਾਅਦ ਸਤਿਗੁਰੂ ਜੀ ਨਾਮ ਸਿਮਰਨ ਵਿਚ ਦਰਸ਼ਨ ਦਿੱਤੇ ਜਿਸ ਦੌਰਾਨ ਸੰਤ ਗੁਰੂਬਚਨ ਸਿੰਘ ਨੇ ਕਥਾ ਕੀਤੀ ਅਤੇ ਰਾਗੀਆਂ ਨੇ ਸ਼ਬਦ ਗਾਇਨ ਕੀਤਾ–

***ਪਿਰੁ ਘਰਿ ਨਹੀ ਆਵੈ ਮਰੀਐ ਹਾਵੈ***
***ਦਾਮਨਿ ਚਮਕਿ ਡਰਾਏ।।***
***– ਸਾਵਣਿ ਸਰਸ ਮਨਾ ਘਣ ਵਰਸਹਿ***
***ਰੁਤਿ ਆਏ।।***

ਕੀਰਤਨ ਤੋਂ ਉਪਰੰਤ ਸੁਮਿਤਰ ਸਿੰਘ ਨੇ ਮੰਚ ਸੰਭਾਲਿਆ ਅਤੇ ਸ੍ਰੀ ਹਜ਼ੂਰ ਨੇ ਸਥਾਨਕ ਬੱਚਿਆਂ ਨੂੰ ਗੜਵਾ, ਆਸਣ, ਮਾਲਾ, ਗੁਟਕੇ ਦੇ ਕੇ ਬੱਚਿਆਂ ਨੂੰ ਸਿਖੀ ਵਲ ਪ੍ਰੇਰਿਆ। ਕੁਝ ਬੁਲਾਰੇ ਬੋਲੇ –

ਸੁਮਿਤਰ ਸਿੰਘ ਨੇ ਸਤਿਗੁਰੂ ਜੀ ਦਾ, ਸਾਰੀ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਸਤਿਗੁਰੂ ਜੀ ਨੂੰ ਛੇਤੀਂ ਹੀ ਦਰਸ਼ਨ ਦੇਣ ਦੀ ਅਰਜ਼ ਕੀਤੀ। ਸੇਵਾ ਕਰਦਿਆਂ ਨੌਜਵਾਨਾਂ ਕੋਲੋਂ ਰਹਿ ਗਈਆਂ ਗਲਤੀਆਂ ਦੀ ਖਿਮਾ ਮੰਗੀ।

ਗੁਰਮੁਖ ਸਿੰਘ ਰਹਿਬਰ ਨੇ – ਸਾਰੇ ਨੌਜਵਾਨਾਂ ਨੂੰ ਸਾਬਾਸ਼ ਦਿਤੀ ਅਤੇ ਵਿਦਿਅਕ ਜਥੇ ਕਾਇਮ ਕਰਕੇ ਸੇਵਾ ਲਈ ਪ੍ਰੇਰਿਆ।

ਸੂਬਾ ਸਤਿਨਾਮ ਸਿੰਘ ਨੇ ਆਖਿਆ ਪਰਥ, ਸਿਡਨੀ, ਬ੍ਰਿਸਬੇਨ ਅਤੇ ਮੈਲਬਰਨ ਸਾਰੇ ਹੀ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕਰਕੇ ਸਾਰਾ ਦੌਰਾ ਸਫਲ ਬਣਾਉਣ ਵਿਚ ਚੰਗੀ ਭੂਮਿਕਾ ਨਿਭਾਈ ਹੈ। ਸਤਿਗੁਰੂ ਜੀ ਤੋਂ ਜੋ ਪ੍ਰੇਮ ਸਾਰੀ ਆਸਟ੍ਰੇਲੀਆ ਦੀ ਸੰਗਤ ਨੂੰ ਮਿਲਿਆ ਹੈ ਉਸ ਲਈ ਅਸੀਂ ਰਿਣੀ ਹਾਂ ਪਤਾ ਵੀ ਨਹੀਂ ਚਲਿਆ ਕਿਦਾਂ 15 ਦਿਨ ਬੀਤ ਗਏ ਤੇ ਸਮਾਂ ਵਿਦਾਇਗੀ ਦਾ ਆਇਆ ਹੈ। ਸਤਿਗੁਰੂ ਜੀ ਕਿਰਪਾ ਕਰਨ ਛੇਤੀਂ ਹੀ ਦੁਬਾਰਾ ਦਰਸ਼ਨ ਦੇਣ। ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇ ਕੇ ਨੌਜਵਾਨਾਂ ਨੂੰ ਸਿਖੀ ਲਈ ਪ੍ਰੇਰਿਆ।

ਪ੍ਰੋਗਰਾਮ ਤੋਂ ਬਾਅਦ ਸਤਿਗੁਰੂ ਜੀ ਮੈਲਬਰਨ ਦੇ ਦੂਜੇ ਹਿੱਸੇ ਜੋ ਕਿ ਏਅਰਪੋਰਟ ਦੇ ਲਾਗੇ ਹੈ ਉਥੇ ਵਸਦੇ ਸੰਤ ਅਨੂਪ ਸਿੰਘ ਪੁੱਤਰ ਜਸਮੀਤ ਸਿੰਘ ਯਮੁਨਾ ਨਗਰ ਵਾਲਿਆਂ ਦੇ ਘਰ ਜਾ ਕੇ ਜਲ ਪਾਣੀ ਛਕਿਆ ਅਤੇ ਅਜ ਦਾ ਡੇਰਾ ਅਨੂਪ ਸਿੰਘ ਦੇ ਭਰਾ ਗੁਰਮੁਖ ਸਿੰਘ ਵਲ ਰਖਿਆ। ਸਾਰਾ ਹੀ ਗੁਰਮੁਖ ਪਰਿਵਾਰ ਸੇਵਾਦਾਰ ਹੈ।

16 ਤਾਰੀਕ ਨੂੰ ਆਸਾ ਦੀ ਵਾਰ ਦਾ ਕੀਰਤਨ ਗੁਰਮੁਖ ਸਿੰਘ ਘਰ ਹੋਇਆ। ਵਾਰ ਉਪਰੰਤ ਆਸਟ੍ਰੇਲੀਆ ਦੇ ਨੌਜਵਾਨਾਂ ਨੇ ਸ੍ਰੀ ਹਜ਼ੂਰ ਅਤੇ ਮਾਤਾ ਜੀ ਨਾਲ ਤਸਵੀਰ ਖਿਚਵਾਈ, ਬੜੇ ਭਰੇ ਮਨ ਨਾਲ ਸਤਿਗੁਰੂ ਜੀ ਨੂੰ ਸੰਗਤ ਨੇ ਵਿਦਾ ਕੀਤਾ। ਸੂਬਾ ਜੀ ਨੇ ਭਾਰਤ ਤੋਂ ਆਈ ਸੰਗਤ ਨੂੰ ਪਿਆਰ ਸਤਿਕਾਰ ਨਾਲ ਲੋਈਆਂ ਭੇਟ ਕੀਤੀਆਂ। ਸਤਿਗੁਰੂ ਜੀ ਨੇ ਮੈਲਬਰਨ ਤੋਂ ਬੈਂਕੋਕ ਲਈ ਉਡਾਨ ਭਰੀ।

**–ਹਰਪਾਲ ਸਿੰਘ**





**ਮੈਲਬਰਨ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਦੀ ਹੋਈ**

# ਲੁਧਿਆਣਾ ਦੀ ਸਾਧ ਸੰਗਤ ਵਲੋਂ ਪੰਜ ਭਾਦਰੋਂ ਦਾ ਮੇਲਾ





ਲੁਧਿਆਣਾ ਵਿਖੇ ਮਨਾਏ ਪੰਜ ਭਾਦਰੋ ਦੇ ਮੇਲੇ ਸਮੇਂ ਰਾਗੀ ਜਥਾ ਦਿਵਾਨ ਸਜਾਉਂਦਾ ਹੋਇਆ ਅਤੇ ਬੀਬੀਆਂ ਕੀਰਤਨ ਕਰਦੀਆਂ ਹੋਈਆਂ।









ਪੰਜ ਭਾਦਰੋਂ ਦੇ ਮੇਲੇ ਸਮੇਂ ਆਪਣੀ ਹਾਜ਼ਰੀ ਲਾਉਂਦੇ ਬੱਚੇ ਅਤੇ ਕੀਰਤਨ ਸਰਵਣ ਕਰਦੀ ਸਾਧ ਸੰਗਤ।

**ਲੁਧਿਆਣਾ, 21 ਅਗਸਤ 2015**–ਅੱਜ ਇਥੇ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਪੰਜ ਭਾਦਰੋਂ ਦੀ ਉਸ ਰਾਤ ਨੂੰ ਨਾਮ ਸਿਮਰਨ, ਦਿਵਾਨ, ਕੀਰਤਨ ਅਤੇ ਕਵਿਤਾਵਾਂ ਪੜ੍ਹ ਯਾਦ ਕੀਤਾ ਗਿਆ। ਸ਼ਾਮ ਕਰੀਬ 7.30 ਵਜੇ ਨਾਮ ਸਿਮਰਨ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਾਧ ਸੰਗਤ ਨੇ ਸਰਵਣ ਕੀਤਾ। ਕਾਕਾ ਬਲਦੇਵ ਸਿੰਘ ਦੇ ਜਥੇ ਨੇ ਹੱਲੇ ਦਾ ਦਿਵਾਨ ਪੁਰਾਣੇ ਜਥੇਦਾਰਾਂ ਦੀ ਸ਼ੈਲੀ ਵਿਚ ਲਗਾਇਆ। ਛੋਟੇ ਬੱਚਿਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਦਿਵਾਨ ਸਜਾਇਆ।

ਕਾਕਾ ਸੰਤਾ ਸਿੰਘ, ਸ਼ਰਨ ਸਿੰਘ ਅਤੇ ਹਰਬੰਸ ਸਿੰਘ ਨੇ ਸ਼ਬਦ

***ਤੁਧੁ ਚਿਤਵਤ ਸੁਖ ਅਧਿਕ ਹੋਏ।।***

ਪੜ੍ਹਿਆ। ਕਾਕਾ ਹਰਨਾਮ ਸਿੰਘ, ਆਸਾ ਸਿੰਘ ਅਤੇ ਸੰਦੀਪ ਸਿੰਘ ਨੇ–

*ਵਸ ਗਈ ਮਨ ਮੇਰੇ ਉਹਦੀ ਤਸਵੀਰ ਨੀ।*
*ਆਖਦੇ ਨੇ ਲੋਕੀਂ ਜਿਨੂੰ ਭੈਣੀ ਵਾਲਾ ਪੀਰ ਨੀ।*
*ਗੁਰੂ ਜਗਜੀਤ ਬਾਜੋ ਲਗਦਾ ਨਾ ਇਕ ਦਿਲ ਸਾਡਾ।*
*ਭੁੱਲਦੀ ਨੀ ਉਹਦੀ ਸਾਨੂੰ ਯਾਦ, ਕੀ ਕੀਤਾ ਰੱਬਾ ਸਾਡੇ ਨਾਲ।*

ਬੀਬੀ ਲਖਵਿੰਦਰ ਕੌਰ ਅਤੇ ਬੀਬੀ ਸਿਮਰਜੀਤ ਕੌਰ ਨੇ ਇਕ ਗੀਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਪੜ੍ਹਿਆ। ਬੀਬੀਆਂ ਦੇ ਜਥੇ ਵਲੋਂ ਕੀਰਤਨ ਰਾਹੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਯਾਦ ਕੀਤਾ ਗਿਆ ਅਤੇ ਅਖੀਰ ਲੁਧਿਆਣਾ ਦੇ ਰਾਗੀ ਜਥੇ ਨੇ ਜਥੇਦਾਰ ਅਮਰੀਕ ਸਿੰਘ, ਸੰਤ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਬਦ–

*ਤੁਧੁ ਚਿਤਵਤ ਸੁਖ ਅਧਿਕ ਹੋਏ ਨਸੇ ਐਗਿਨ ਪਾਪ।।*
*–ਕਰਿ ਕਿਰਪਾ ਮੋਹਿ ਰਿਧਿ ਬਸੋ ਸ੍ਰੀ ਸਤਿਗੁਰੂ ਪ੍ਰਤਾਪ।* ਅਤੇ
ਭਾਦਰੋਂ ਦਾ ਮਹੀਨਾ ਕੀ ਕਲਿਹਣਾ ਆ ਗਿਆ।
ਗੁਰ ਪ੍ਰਤਾਪ ਕੰਨ੍ਹੀਆਂ ਛੁੱਡਾ ਗਿਆ।

ਪੜ੍ਹਿਆ। ਅੱਜ ਦੇ ਮੇਲੇ ਅਤੇ ਲੰਗਰ ਦੀ ਸੇਵਾ ਸੰਤ ਬਲਬੀਰ ਸਿੰਘ ਮਾਡਲ ਟਾਊਟ ਦੇ ਪਰਿਵਾਰ ਵਲੋਂ ਕੀਤੀ ਗਈ। **–ਬਲਵੀਰ ਸਿੰਘ**

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ

**ਲੁਧਿਆਣਾ। 23 ਅਗਸਤ 2015**– ਅੱਜ ਇਥੇ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸੰਤ ਗੁਰਦਿਆਲ ਸਿੰਘ ਰਾਏਸਰ (ਸ੍ਰੀ ਭੈਣੀ ਸਾਹਿਬ) ਵਾਲਿਆਂ ਵਲੋਂ ਕਰਵਾਏ ਅੱਜ ਦੇ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਸੰਤ ਸੁਖਵਿੰਦਰ ਸਿੰਘ ਅਤੇ ਜਥੇ ਨੇ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਆਏ ਕਵੀਸ਼ਰ ਗੁਰਸੇਵਕ ਸਿੰਘ ਦੇ ਸਗਿਰਦ ਬੱਚਿਆਂ ਨੇ ਕਵੀਸ਼ਰੀ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਸੁਣਾਇਆ। ਕਾਕਾ ਕਰਤਾਰ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਦੀ ਕਵਿਤਾਵਾਂ ਸੁਣਾਈਆਂ। ਉਪਰੰਤ ਪੰਜ ਪਾਠਾਂ ਦੇ ਭੋਗ ਪਾਏ ਗਏ :

1 ਪਾਠ ਮੇਲੇ ਵਾਲਿਆਂ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ,

1 ਪਾਠ ਸੰਤ ਗੁਰਦੇਵ ਸਿੰਘ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ।

1 ਪਾਠ ਸੰਤ ਜਗਪਾਲ ਸਿੰਘ ਵਲੋਂ ਮਨੋਕਾਮਨਾ ਪੂਰੀ ਵਾਸਤੇ।

1 ਪਾਠ ਬੀਬੀ ਗੁਰਮੇਲ ਕੌਰ ਵਲੋਂ ਮਨੋਕਾਮਨਾ ਪੂਰੀ ਹੋਵੇ।

1 ਪਾਠ ਬੀਬੀ ਜਗਦੀਪ ਕੌਰ ਦੀ ਤੰਦਰੁਸਤ ਹੋਣ ਲਈ ਪਰਿਵਾਰ ਵਲੋਂ ਪਵਾਇਆ ਗਿਆ।

258 ਪਾਠ ਚੌਪਈ ਦੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ਕੀਤੇ ਗਏ। ਸੰਤ ਗੁਰਮੁਖ ਸਿੰਘ ਰਹਿਬਰ ਨੇ ਆਈ ਸੰਗਤ ਦਾ ਧੰਨਵਾਦ ਕਰਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਾਖੀਆਂ ਸਾਧ ਸੰਗਤ ਨਾਲ ਸਾਂਝੀਆਂ ਕੀਤੀਆਂ। **–ਬਲਵੀਰ ਸਿੰਘ**

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ



● ਮੰਡੀ, ਹਿ. ਪ੍ਰ.– ਸੰਤ ਤਰਨ ਸਿੰਘ (ਭੋਪਾਲ ਵਾਲੇ) ਜੋਕਿ ਕਾਫੀ ਸਮੇਂ ਤੋਂ ਮੋਹਾਲੀ ਚੰਡੀਗੜ੍ਹ ਨਿਵਾਸ ਰੱਖਦੇ ਸਨ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ 21 ਅਗਸਤ 2015 ਨੂੰ ਮੋਹਾਲੀ ਵਿਖੇ ਕੁਝ ਸਮਾਂ ਬਿਮਾਰ ਰਹਿ ਕੇ ਚਲਾਣਾ ਕਰ ਗਏ। ਉਹਨਾਂ ਦੀ ਇਛਾ ਸੀ ਕਿ ਮੇਰਾ ਸਸਕਾਰ ਮੰਡੀ ਵਿਖੇ ਕੀਤਾ ਜਾਵੇ। ਉਹਨਾਂ ਦੀ ਇਛਾ ਅਨੁਸਾਰ ਉਹਨਾਂ ਦਾ ਸਸਕਾਰ 22 ਅਗਸਤ 2015 ਨੂੰ ਮੰਡੀ ਵਿਖੇ ਹੋਇਆ। ਉਪਰੰਤ ਉਹਨਾਂ ਦੇ ਪਰਿਵਾਰ ਵਲੋਂ 24 ਅਗਸਤ ਤੋਂ 26 ਅਗਸਤ ਬੁਧਵਾਰ ਤਕ ਗੁਰਦੁਆਰਾ ਸਕੂਲ ਬਜ਼ਾਰ ਵਿਖੇ ਜਥੇਦਾਰ ਸਾਧਾ ਸਿੰਘ ਕਥਾ ਕਰਦੇ ਰਹੇ। 28 ਅਗਸਤ ਸ਼ੁਕਰਵਾਰ ਨੂੰ 1 ਤੋਂ 1.30 ਵਜੇ ਤਕ ਜਥੇਦਾਰ ਸੁਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਕਥਾ ਕੀਤੀ। ਬਾਅਦ ਵਿਚ ਜਥੇਦਾਰ ਸਾਧਾ ਸਿੰਘ ਮੰਡੀ ਵਾਲਿਆਂ ਬਹੁਤ ਵੈਰਾਗਮਈ ਦਿਵਾਨ ਲਗਾਇਆ। ਬਾਅਦ ਵਿਚ ਇਕ ਪਾਠ ਦਾ ਭੋਗ ਪਾਇਆ ਗਿਆ। ਸੰਤ ਸਤਿੰਦਰਪਾਲ ਸਿੰਘ ਨੇ ਸ਼ਰਧਾਂਜਲੀ ਦਿੱਤੀ। ਉਪਰੰਤ ਅਰਦਾਸ ਹੋਈ। ਸੂਬਾ ਗੁਰਮੀਤ ਸਿੰਘ ਨੇ ਸੰਤਾਂ ਦੇ ਲੜਕੇ ਨੂੰ ਦਸਤਾਰ ਸਜਾਈ।







ਰਮੇਸ਼ ਨਗਰ (ਦਿੱਲੀ) ਵਿਖੇ ਮਨਾਏ ਪੰਜ ਭਾਦਰੋਂ ਦੇ ਮੇਲੇ ਸਮੇਂ ਵਿਦਿਆ ਖੇਤਰ ਵਿਚ ਉੱਚ ਸਥਾਨ ਪ੍ਰਾਪਤ – ਬੱਚੀ ਗੁਰਵਿੰਦਰ ਕੌਰ (ਕਲਾਸ 12ਵੀਂ ਵਿਚ 95% from Humanity Stream), ਬੀਬੀ ਜਸਵੰਤ ਕੌਰ (ਪਤਨੀ ਸੁੰਦਰ ਸਿੰਘ ਹੰਸਪਾਲ) ਬੀ. ਟੈਕ. ਕੰਪਿਊਟਰ ਸ਼ਾਰਧਾ ਯੂਨੀਵਰਸਿਟੀ ਅਤੇ ਬੱਚੀ ਨਿਧੀ ਭੂਟਾਨੀ (ਪੁਤਰੀ ਡਾ. ਅਵਨਿੰਦਰ ਸਿੰਘ ਭੂਟਾਨੀ) ਚਾਰਟਡ ਅਕਾਊਂਟੈਂਟ। ਨੂੰ ਇਨਾਮ ਦੇਂਦੇ ਮੁੱਖ ਪਤਵੰਤੇ ਸੱਜਣ।

RNI NO. 55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਉਦੈ ਸਿੰਘ ਜੀ, ਮਾਤਾ ਚੰਦ ਕੌਰ ਜੀ ਮੈਲਬਰਨ ਦੀ ਸਾਧ-ਸੰਗਤ ਨਾਲ ਇੱਕ ਪਾਰਕ ਵਿੱਚ ਸੈਰ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਮੈਲਬਰਨ (ਆਸਟ੍ਰੇਲੀਆ) ਦੌਰੇ ਸਮੇਂ ਬੀਬੀ ਸਿੰਦਰ ਕੌਰ ਦੀ ਲਿਖੀ
ਪੁਸਤਕ ਰਲੀਜ਼ ਕਰਨ ਦੀ ਕਿਰਪਾ ਕਰਦੇ ਹੋਏ।



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਸਮੇਂ
ਸੰਤ ਸੁਖਵਿੰਦਰ ਸਿੰਘ ਦਾ ਜਥਾ ਕੀਰਤਨ ਕਰਦਾ ਹੋਇਆ - 23 ਅਗਸਤ 2015



ਸ੍ਰੀ ਸਤਿਗੁਰੂ ਜੀ ਨੇ ਮੈਲਬਰਨ (ਆਸਟ੍ਰੇਲੀਆ) ਦੇ ਵਸਨੀਕ ਨੌਜਵਾਨ ਬੱਚਿਆਂ ਨੂੰ ਗੁਰਸਿੱਖੀ ਦੇ ਚਿੰਨ੍ਹ ਬਖ਼ਸ਼ਸ਼ ਕੀਤੇ।

Subscriber's
Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6:03 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6:33 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase-II, Narayana, New Delhi 110028 and published from Namdhari Gurdwara, Ramesh Nagar, New Delhi-110015. Editor - Mr. Harvendra Singh Hanspal.
Phone : +91-9212318103, Email : Satjug@sribhainisahib.com, satjugweekly@gmail.com

Issue No. 26 of 10 September 2015